22-AUG-PAGE-1.qxd 8/21/2023 10:50 PM Page 1


ਮੰਗਲਵਾਰ, 22 ਅਗਸਤ, 2023

6 ਭਾਦੋਂ { ਨਾਨਕਸ਼ਾਹੀ 555
ਬਿਕਰਮੀ 2080

ਜਿਲਦ/VOL. : 72

ਅੰਕ/NO. : 81

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 22 AUGUST, 2023 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਅਣਵਿਆਹੀ ਦਾ ਗਰਭਵਤੀ ਹੋਣਾ ਖਤਰਨਾਕ : ਸੁਪਰੀਮ ਕੋਰਟ

## ਗੁਜਰਾਤ ਹਾਈ ਕੋਰਟ ਦੇ ਫੈਸਲੇ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਗਰਭਪਾਤ ਦੀ ਮਨਜ਼ੂਰੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਬਲਾਤਕਾਰ ਪੀੜਤਾ ਨੂੰ ਗਰਭਪਾਤ ਕਰਵਾਉਣ ਦੀ ਇਜਾਜ਼ਤ ਦਿੰਦਿਆਂ ਕਿਹਾ ਕਿ ਵਿਆਹ ਬਗੈਰ ਗਰਭਵਤੀ ਹੋਣਾ ਖਤਰਨਾਕ ਹੋ ਸਕਦਾ ਹੈ। ਪੀੜਤਾ 27 ਹਫਤਿਆਂ ਦੀ ਗਰਭਵਤੀ ਹੈ। ਪੀੜਤਾ ਦੀ ਮੈਡੀਕਲ ਰਿਪੋਰਟ ਦਾ ਨੋਟਿਸ ਲੈਂਦਿਆਂ ਜਸਟਿਸ ਬੀਵੀ ਨਾਗਰਤਨਾ ਅਤੇ ਜਸਟਿਸ ਉੱਜਵਲ ਭੂਈਆ ਨੇ ਕਿਹਾ ਕਿ ਗੁਜਰਾਤ ਹਾਈ ਕੋਰਟ ਵੱਲੋਂ ਗਰਭਪਾਤ ਦੀ ਇਜਾਜ਼ਤ ਮੰਗਣ ਵਾਲੀ ਪਟੀਸ਼ਨਰ ਦੀ ਪਟੀਸ਼ਨ ਨੂੰ ਖਾਰਜ ਕਰਨਾ ਸਹੀ ਨਹੀਂ ਸੀ। ਸੁਪਰੀਮ ਕੋਰਟ ਨੇ ਨੋਟ ਕੀਤਾ ਕਿ ਭਾਰਤੀ ਸਮਾਜ 'ਚ ਵਿਆਹ ਤਾਣੇ-ਬਾਣੇ 'ਚ ਗਰਭਵਤੀ ਹੋਣਾ ਨਾ ਸਿਰਫ ਜੋੜੇ ਲਈ, ਸਗੋਂ ਉਨ੍ਹਾਂ ਦੇ ਪਰਵਾਰ ਅਤੇ ਦੋਸਤਾਂ ਲਈ ਵੀ ਖੁਸ਼ੀ ਅਤੇ ਜਸ਼ਨ ਦਾ ਮੌਕਾ ਹੈ। ਇਸ ਦੇ ਉਲਟ ਵਿਆਹ ਤੋਂ ਬਿਨਾਂ ਜਿਨਸੀ ਸ਼ੋਸ਼ਣ ਨਾਲ ਗਰਭਵਤੀ ਹੋਣਾ ਖਤਰਨਾਕ ਹੋ ਸਕਦਾ ਹੈ। ਅਜਿਹੀ ਸਥਿਤੀ ਗਰਭਵਤੀ ਔਰਤਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਹੀ ਅਸਰ ਨਹੀਂ ਪਾਉਂਦੀ ਸਗੋਂ ਉਨ੍ਹਾਂ ਦੀ ਚਿੰਤਾ ਅਤੇ



ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਵੀ ਬਣ ਸਕਦੀ ਹੈ। ਪੀੜਤਾ ਨੇ ਪਹਿਲਾਂ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਕੋਰਟ ਨੇ ਬਿਨਾਂ ਦੱਸੇ 17 ਅਗਸਤ ਨੂੰ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ। ਫਿਰ ਪੀੜਤਾ 19 ਅਗਸਤ ਨੂੰ ਸੁਪਰੀਮ ਕੋਰਟ ਪੁੱਜੀ। ਉਸੇ ਦਿਨ ਹਾਈ ਕੋਰਟ ਨੇ ਖੁਦ ਨੋਟਿਸ ਲੈਂਦਿਆਂ ਇਕ ਹੁਕਮ ਜਾਰੀ ਕਰਦਿਆਂ ਲਿਖਿਆ ਕਿ ਉਸ ਨੇ ਪੀੜਤਾ ਦੀ ਪਟੀਸ਼ਨ ਖਾਰਜ ਕਰਦਿਆਂ ਉਸ ਤੋਂ ਪੁੱਛਿਆ ਸੀ ਕਿ ਕੀ ਉਹ ਬੱਚੇ ਨੂੰ ਜਨਮ ਦੇ ਕੇ ਉਸ ਨੂੰ ਸਰਕਾਰ ਨੂੰ ਸੌਂਪਣਾ ਚਾਹੁੰਦੀ ਹੈ। ਗੁਜਰਾਤ ਹਾਈ ਕੋਰਟ ਦਾ ਇਹ ਹੁਕਮ ਦੇਖ ਕੇ ਜਸਟਿਸ ਨਾਗਰਤਨਾ ਕਾਫੀ ਨਾਰਾਜ਼ ਹੋਈ ਤੇ ਕਿਹਾ—ਸੁਪਰੀਮ ਕੋਰਟ ਦੇ ਕਿਸੇ ਹੁਕਮ ਦੇ ਜਵਾਬ ਵਿਚ ਹਾਈ ਕੋਰਟ ਤੋਂ ਕੁਝ ਹੁਕਮ ਆਉਂਦਾ ਹੈ, ਇਸ ਨੂੰ ਅਸੀਂ ਸਹੀ ਨਹੀਂ ਮੰਨਦੇ। ਗੁਜਰਾਤ ਹਾਈ ਕੋਰਟ ਵਿਚ ਇਹ ਕੀ ਹੋ ਰਿਹਾ ਹੈ?

ਬੈਂਚ ਨੇ ਹਦਾਇਤ ਕੀਤੀ ਕਿ ਪੀੜਤਾ ਮੰਗਲਵਾਰ ਗਰਭਪਾਤ ਕਰਵਾ ਲਏ। ਜੇ ਭਰੂਣ ਜ਼ਿੰਦਾ ਮਿਲੇ ਤਾਂ ਹਸਪਤਾਲ ਉਸ ਨੂੰ ਬਚਾਉਣ ਦਾ ਹਰ ਯਤਨ ਕਰੇ। ਬੱਚਾ ਬਚ ਜਾਂਦਾ ਹੈ ਤਾਂ ਸਰਕਾਰ ਕਾਨੂੰਨ ਮੁਤਾਬਕ ਕਿਸੇ ਵੱਲੋਂ ਉਸ ਨੂੰ ਗੋਦ ਲੈਣਾ ਯਕੀਨੀ ਬਣਾਏ।

ਬੈਂਚ ਨੇ ਸ਼ਨੀਵਾਰ ਰਾਤ ਵਿਸ਼ੇਸ਼ ਸੁਣਵਾਈ ਦੌਰਾਨ ਗੁਜਰਾਤ ਹਾਈ ਕੋਰਟ ਵੱਲੋਂ ਗਰਭਪਾਤ ਦੀ ਬੇਨਤੀ 'ਤੇ ਸੁਣਵਾਈ ਟਾਲਣ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਕਿਹਾ ਸੀ ਕਿ ਇਸ ਨਾਲ ਕੀਮਤੀ ਸਮਾਂ ਗੁਆਇਆ ਗਿਆ।

ਗਰਭਪਾਤ ਬਾਰੇ ਕਾਨੂੰਨ ਤਹਿਤ ਵਿਆਹੀ ਔਰਤ, ਬਲਾਤਕਾਰ ਪੀੜਤ, ਨਾਬਾਲਗ ਜਾਂ ਅਪਾਹਜ 24 ਹਫਤਿਆਂ ਦੇ ਅੰਦਰ ਗਰਭਪਾਤ ਕਰਵਾ ਸਕਦੀਆਂ ਹਨ।

# ਯੂ ਕੇ ਕਬੱਡੀ ਟੂਰਨਾਮੈਂਟ ਦੌਰਾਨ ਲੜਾਈ, 3 ਜ਼ਖ਼ਮੀ



**ਚੰਡੀਗੜ੍ਹ** : ਬਰਤਾਨੀਆ 'ਚ ਡਰਬੀ ਕਬੱਡੀ ਟੂਰਨਾਮੈਂਟ ਦੌਰਾਨ ਦੋ ਵਿਰੋਧੀ ਗਰੋਹਾਂ ਵਿਚਾਲੇ ਝੜਪ 'ਚ 3 ਵਿਅਕਤੀ ਜ਼ਖਮੀ ਹੋ ਗਏ। ਇਹ ਘਟਨਾ ਐਤਵਾਰ ਸ਼ਾਮ ਕਰੀਬ 4 ਵਜੇ ਐਲਵਾਸਟਨ 'ਚ ਵਾਪਰੀ। ਜਦੋਂ ਟੂਰਨਾਮੈਂਟ ਚੱਲ ਰਿਹਾ ਸੀ ਤਾਂ ਇਸ ਦੌਰਾਨ ਵੀਡੀਓ 'ਚ ਬੰਦੂਕਾਂ ਅਤੇ ਤਲਵਾਰਾਂ ਨਾਲ ਲੜਾਈ ਹੁੰਦੀ ਦਿਖਾਈ ਦੇ ਰਹੀ ਹੈ।

ਵੀਡੀਓ 'ਚ ਸੈਂਕੜੇ ਲੋਕ ਘਟਨਾ ਵਾਲੀ ਥਾਂ ਤੋਂ ਭੱਜ ਰਹੇ ਹਨ। ਮੌਕੇ 'ਤੇ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਦੋ ਵਿਰੋਧੀ ਗਰੋਹਾਂ ਦੀ ਲੜਾਈ ਹੋਈ ਹੈ।

ਪੁਲਸ ਨੇ ਕਿਹਾ-ਸਾਨੂੰ ਐਤਵਾਰ ਬਾਅਦ ਦੁਪਹਿਰ 3.51 ਵਜੇ ਐਲਵਾਸਟਨ ਲੇਨ 'ਚ ਵੱਡੀ ਗੜਬੜ ਹੋਣ ਕਾਰਨ ਸੱਦਿਆ ਗਿਆ। ਘਟਨਾ 'ਚ ਤਿੰਨ ਜਣੇ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ। ਇਨ੍ਹਾਂ ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ।

## ਬੈਂਕ ਆਫ ਬੜੌਦਾ ਦੀ ਪਿਛਲਖੁਰੀ



ਵ ਸੰਨੀ ਦਿਓਲ ਦੇ ਜੁਹੂ ਸਥਿਤ ਬੰਗਲੇ ਦੀ ਨਿਲਾਮੀ ਦਾ ਨੋਟਿਸ ਬੈਂਕ ਆਫ ਬੜੌਦਾ ਨੇ 24 ਘੰਟਿਆਂ ਵਿਚ ਵਾਪਸ ਲੈ ਲਿਆ। ਬੈਂਕ ਨੇ ਸੋਮਵਾਰ ਸਵੇਰੇ ਅਖਬਾਰਾਂ ਵਿਚ ਖੰਡਨ ਜਾਰੀ ਕਰਦਿਆਂ ਕਿਹਾ ਕਿ ਇਹ ਨੋਟਿਸ ਤਕਨੀਕੀ ਕਾਰਨਾਂ ਕਰਕੇ ਵਾਪਸ ਲਿਆ ਜਾ ਰਿਹਾ ਹੈ। ਬੈਂਕ ਨੇ ਐਤਵਾਰ ਕਿਹਾ ਸੀ ਕਿ ਸੰਨੀ ਦਿਓਲ ਨੇ 56 ਕਰੋੜ ਦਾ ਕਰਜ਼ਾ ਚੁਕਾਇਆ ਨਹੀਂ, ਇਸ ਕਰਕੇ 25 ਸਤੰਬਰ ਨੂੰ ਉਸ ਦੇ ਬੰਗਲੇ ਦੀ ਨਿਲਾਮੀ ਕੀਤੀ ਜਾਏਗੀ। ਉਸ ਨੇ ਕਰਜ਼ੇ ਦੀ ਰਿਕਵਰੀ ਲਈ ਨੋਟਿਸ ਦਾ ਇਸ਼ਤਿਹਾਰ ਵੀ ਛਪਵਾਇਆ ਸੀ। ਇਸ ਵਿਚ ਸੰਨੀ (ਅਸਲੀ ਨਾਂਅ ਅਜੈ ਸਿੰਘ ਦਿਓਲ) ਦੇ ਗਰੰਟਰ ਦੇ ਤੌਰ 'ਤੇ ਪਿਤਾ ਧਰਮਿੰਦਰ ਦਾ ਨਾਂਅ ਵੀ ਲਿਖਿਆ ਸੀ। ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਪੁੱਛਿਆ ਹੈ ਕਿ ਨਿਲਾਮੀ ਰੋਕਣ ਦੇ ਤਕਨੀਕੀ ਕਾਰਨ ਕਿੱਥੋਂ ਆ ਗਏ?

ਬੈਂਕ ਨੇ ਫਿਰ ਬਾਅਦ ਦੁਪਹਿਰ ਬਿਆਨ ਜਾਰੀ ਕਰਕੇ ਕਿਹਾ ਕਿ ਸੰਨੀ ਨੇ ਬੰਗਲੇ ਦੀ ਨਿਲਾਮੀ ਤੋਂ ਪਹਿਲਾਂ ਮਾਮਲਾ ਨਿਬੇੜਨ ਲਈ ਪਹੁੰਚ ਕੀਤੀ ਹੈ ਤੇ ਆਮ ਇੰਡਸਟ੍ਰੀਅਲ ਪ੍ਰੈਕਟਿਸ ਮੁਤਾਬਕ ਨੋਟਿਸ ਵਾਪਸ ਲੈ ਲਿਆ ਗਿਆ ਹੈ।

## ਪੁਲਾੜ ਕੇਂਦਰ ਦੀ ਪ੍ਰੀਖਿਆ 'ਚ ਧੋਖਾਧੜੀ, ਦੋ ਗ੍ਰਿਫਤਾਰ

**ਤਿਰੁਅਨੰਤਪੁਰਮ** : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਵੱਲੋਂ ਵਿਕਰਮ ਸਾਰਾਭਾਈ ਪੁਲਾੜ ਕੇਂਦਰ 'ਚ ਤਕਨੀਕੀ ਸਟਾਫ ਦੀ ਭਰਤੀ ਲਈ ਕਰਵਾਈ ਪ੍ਰੀਖਿਆ 'ਚ ਧੋਖਾਧੜੀ ਕਰਨ ਦੇ ਦੋਸ਼ 'ਚ ਹਰਿਆਣਾ ਦੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਵੇਂ ਦੋ ਵੱਖ-ਵੱਖ ਪ੍ਰੀਖਿਆ ਕੇਂਦਰਾਂ 'ਚ ਬੈਠੇ ਸਨ ਤੇ ਪ੍ਰਸ਼ਨ ਪੱਤਰ ਦਾ ਜਵਾਬ ਦੇਣ ਲਈ ਗਲਤ ਢੰਗਾਂ ਦੀ ਵਰਤੋਂ ਕਰ ਰਹੇ ਸਨ। ਦੋਵਾਂ ਨੂੰ ਐਤਵਾਰ ਰਾਤ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਇਸ ਘਟਨਾ ਦੇ ਸੰਬੰਧ ਵਿਚ ਹਰਿਆਣਾ ਦੇ ਚਾਰ ਹੋਰ ਵਿਅਕਤੀਆਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਗ੍ਰਿਫਤਾਰ ਉਮੀਦਵਾਰਾਂ ਨੇ ਸਵਾਲਾਂ ਦੀ ਫੋਟੋ ਖਿੱਚਣ ਲਈ ਮੋਬਾਈਲ ਫੋਨ ਕੈਮਰਿਆਂ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਨੂੰ ਬਾਹਰ ਕਿਸੇ ਅਜਿਹੇ ਵਿਅਕਤੀ ਕੋਲ ਭੇਜਿਆ, ਜੋ ਉਨ੍ਹਾਂ ਦੇ ਕੰਨ 'ਚ ਲੱਗੀ ਬਲੂਟੁੱਥ ਡਿਵਾਈਸ ਰਾਹੀਂ ਜਵਾਬ ਦੇ ਰਿਹਾ ਸੀ। ਪੁਲਸ ਨੇ ਦੱਸਿਆ ਕਿ ਦੋਵਾਂ ਨੂੰ ਹਰਿਆਣਾ ਤੋਂ ਬੇਨਾਮੀ ਫੋਨ ਕਾਲ ਰਾਹੀਂ ਮਿਲੀ ਸੂਚਨਾ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ।

## ਸਵਾਮੀ ਪ੍ਰਸਾਦ ਮੌਰੀਆ ਵੱਲ ਜੁੱਤੀ ਸੁੱਟੀ

**ਲਖਨਊ** : ਸਮਾਜਵਾਦੀ ਪਾਰਟੀ ਦੇ ਨੇਤਾ ਸਵਾਮੀ ਪ੍ਰਸਾਦ ਮੌਰੀਆ 'ਤੇ ਸੋਮਵਾਰ ਪਾਰਟੀ ਦੇ ਸਮਾਗਮ ਦੌਰਾਨ ਨੌਜਵਾਨ ਨੇ ਜੁੱਤੀ ਸੁੱਟ ਦਿੱਤੀ। ਜੁੱਤੀ ਨਿਸ਼ਾਨੇ ਤੋਂ ਖੁੰਝ ਗਈ ਅਤੇ ਨੌਜਵਾਨ ਅਕਾਸ਼ ਸੈਣੀ ਨੂੰ ਲੋਕਾਂ ਨੇ ਤੁਰੰਤ ਕਾਬੂ ਕਰ ਲਿਆ। ਉਸ ਨੂੰ ਪੁਲਸ ਹਵਾਲੇ ਕਰਨ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਕੁੱਟਮਾਰ ਕੀਤੀ ਗਈ।

# ਦੋਸਤ ਦੀ ਧੀ ਨੂੰ ਗਰਭਵਤੀ ਕਰਨ ਵਾਲਾ ਅਫਸਰ ਗ੍ਰਿਫ਼ਤਾਰ

## ਗਰਭਪਾਤ ਕਰਵਾਉਣ ਵਾਲੀ ਪਤਨੀ ਵੀ ਹਿਰਾਸਤ 'ਚ

**ਨਵੀਂ ਦਿੱਲੀ** : ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਸਰਕਾਰ ਦੇ ਉਸ ਅਧਿਕਾਰੀ ਨੂੰ ਸੋਮਵਾਰ ਮੁਅੱਤਲ ਕਰਨ ਦਾ ਹੁਕਮ ਜਾਰੀ ਕੀਤਾ, ਜਿਸ 'ਤੇ ਨਾਬਾਲਗ ਨਾਲ ਕਈ ਵਾਰ ਬਲਾਤਕਾਰ ਕਰਨ ਅਤੇ ਉਸ ਨੂੰ ਗਰਭਵਤੀ ਕਰਨ ਦਾ ਦੋਸ਼ ਹੈ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਐਤਵਾਰ ਕਿਹਾ ਸੀ ਕਿ ਦਿੱਲੀ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਡਿਪਟੀ ਡਾਇਰੈਕਟਰ ਖਿਲਾਫ ਆਪਣੇ ਦੋਸਤ ਦੀ ਨਾਬਾਲਗ ਧੀ ਨਾਲ ਕਈ ਵਾਰ ਬਲਾਤਕਾਰ ਕਰਨ ਅਤੇ ਉਸ ਨੂੰ ਗਰਭਵਤੀ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੀੜਤਾ ਦੇ ਪਿਤਾ ਦਾ 1 ਅਕਤੂਬਰ



2020 ਨੂੰ ਦੇਹਾਂਤ ਹੋ ਗਿਆ ਸੀ ਅਤੇ ਉਦੋਂ ਤੋਂ ਉਹ ਮੁਲਜ਼ਮ ਅਤੇ ਉਸ ਦੇ ਪਰਵਾਰ ਨਾਲ ਉਨ੍ਹਾਂ ਦੇ ਘਰ ਰਹਿ ਰਹੀ ਸੀ। ਮੁਲਜ਼ਮ ਨੇ 2020 ਤੋਂ 2021 ਦਰਮਿਆਨ ਪੀੜਤਾ ਨਾਲ ਕਥਿਤ ਤੌਰ 'ਤੇ ਵਾਰ-ਵਾਰ ਬਲਾਤਕਾਰ ਕੀਤਾ, ਜਿਸ ਦੌਰਾਨ ਮੁਲਜ਼ਮ ਦੀ ਪਤਨੀ ਨੇ ਵੀ ਕਥਿਤ ਤੌਰ 'ਤੇ ਉਸ ਦੀ ਮਦਦ ਕੀਤੀ। ਪੁਲਸ ਸੂਤਰ ਨੇ ਕਿਹਾ ਕਿ ਮੁਲਜ਼ਮ ਦੀ ਪਤਨੀ ਖਿਲਾਫ ਵੀ ਕੇਸ ਦਰਜ ਕੀਤਾ ਗਿਆ ਹੈ। ਪੀੜਤਾ 12ਵੀਂ 'ਚ ਪੜ੍ਹਦੀ ਹੈ। ਉਹ ਮੁਲਜ਼ਮ ਨੂੰ ਗਿਰਜਾਘਰ 'ਚ ਮਿਲੀ, ਜਿੱਥੇ ਉਹ ਅਕਸਰ ਆਉਂਦਾ ਰਹਿੰਦਾ ਸੀ। 2020 'ਚ ਪੀੜਤਾ ਦੇ ਪਿਤਾ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਉਹ ਡਿਪ੍ਰੈਸ਼ਨ 'ਚ ਚਲੀ ਗਈ। ਮੁਲਜ਼ਮ ਉਸ ਦੀ ਮਦਦ ਕਰਨ ਦੇ ਬਹਾਨੇ ਆਪਣੇ ਘਰ ਲੈ ਗਿਆ। ਪੁਲਸ ਨੇ ਦੱਸਿਆ ਕਿ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਪੀੜਤਾ ਗਰਭਵਤੀ ਹੋਈ ਤਾਂ ਮੁਲਜ਼ਮ ਵੱਲੋਂ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ। ਪੀੜਤਾ ਨੇ ਜਦੋਂ ਸਾਰੀ ਗੱਲ ਮੁਲਜ਼ਮ ਦੀ ਪਤਨੀ ਨੂੰ ਸੁਣਾਈ ਤਾਂ ਉਸ ਨੇ ਉਸ ਦੀ ਮਦਦ ਕਰਨ ਦੀ ਬਜਾਏ ਉਸ ਦੇ ਭਰੂਣ ਦਾ ਗਰਭਪਾਤ ਕਰਵਾ ਦਿੱਤਾ। ਔਰਤ ਨੇ ਆਪਣੇ ਪੁੱਤਰ ਤੋਂ ਬਾਜ਼ਾਰ ਤੋਂ ਗਰਭਪਾਤ ਦੀਆਂ ਗੋਲੀਆਂ ਮੰਗਵਾਈਆਂ ਤੇ ਕੁੜੀ ਨੂੰ ਦਿੱਤੀਆਂ। ਫਿਲਹਾਲ ਕੁੜੀ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਪੁਲਸ ਨੇ ਉਸ ਦੇ ਬਿਆਨ ਦਰਜ ਕਰ ਲਏ ਹਨ ਅਤੇ ਜਦੋਂ ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲ ਜਾਂਦੀ ਹੈ, ਪੁਲਸ ਉਸ ਨੂੰ ਸਥਾਨਕ ਮੈਜਿਸਟ੍ਰੇਟ ਕੋਲ ਬਿਆਨ ਦਰਜ ਕਰਵਾਉਣ ਲਈ ਲੈ ਕੇ ਜਾਵੇਗੀ।

## ਬੀ ਆਰ ਐੱਸ ਨੇ 115 ਉਮੀਦਵਾਰ ਐਲਾਨੇ

**ਹੈਦਰਾਬਾਦ** : ਸਾਲ ਦੇ ਅੰਤ ਤੱਕ ਹੋਣ ਵਾਲੀਆਂ ਤਿਲੰਗਾਨਾ ਅਸੰਬਲੀ ਚੋਣਾਂ ਲਈ ਹੁਕਮਰਾਨ ਭਾਰਤੀ ਰਾਸ਼ਟਰ ਸਮਿਤੀ (ਬੀ ਆਰ ਐੱਸ) ਨੇ 119 ਵਿੱਚੋਂ 115 ਸੀਟਾਂ ਲਈ ਉਮੀਦਵਾਰਾਂ ਦਾ ਸੋਮਵਾਰ ਐਲਾਨ ਕਰ ਦਿੱਤਾ। ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਜੱਦੀ ਹਲਕੇ ਗਜਵੇਲ ਤੋਂ ਇਲਾਵਾ ਕਾਮਾਰੈਡੀ ਤੋਂ ਵੀ ਚੋਣ ਲੜਨਗੇ। ਰਾਓ ਨੇ 95 ਤੋਂ 105 ਸੀਟਾਂ ਜਿੱਤਣ ਦਾ ਭਰੋਸਾ ਜਤਾਇਆ ਹੈ।

## ਕੋਲ ਡੈਮ ਪ੍ਰਾਜੈਕਟ 'ਚ ਫਸੇ 10 ਜਣੇ ਬਚਾਏ

**ਸ਼ਿਮਲਾ** : ਹਿਮਾਚਲ ਦੇ ਮੰਡੀ ਜ਼ਿਲ੍ਹੇ 'ਚ ਕੋਲ ਡੈਮ ਹਾਈਡਰੋ ਇਲੈਕਟ੍ਰਿਕ ਪ੍ਰਾਜੈਕਟ ਦੇ ਜਲ ਭੰਡਾਰ 'ਚ ਫਸੇ 10 ਵਿਅਕਤੀਆਂ ਨੂੰ ਐੱਨ ਡੀ ਆਰ ਐੱਫ ਨੇ ਸਾਰੀ ਰਾਤ ਚੱਲੇ ਅਪਰੇਸ਼ਨ ਤੋਂ ਬਾਅਦ ਸੋਮਵਾਰ ਸੁਰੱਖਿਅਤ ਬਾਹਰ ਕੱਢ ਲਿਆ। ਬਚਾਏ ਵਿਅਕਤੀਆਂ 'ਚ ਜੰਗਲਾਤ ਵਿਭਾਗ ਦੇ ਪੰਜ ਕਰਮਚਾਰੀ ਵੀ ਸ਼ਾਮਲ ਹਨ। ਪਿਛਲੇ ਕੁਝ ਦਿਨਾਂ ਤੋਂ ਹੋ ਰਹੀ ਭਾਰੀ ਬਰਸਾਤ ਤੋਂ ਬਾਅਦ ਰਜਵਾਹੇ 'ਚ ਲੱਕੜਾਂ ਤੈਰ ਕੇ ਆ ਗਈਆਂ ਸਨ ਅਤੇ ਕੁਝ ਸਥਾਨਕ ਲੋਕਾਂ ਦੇ ਨਾਲ ਪੰਜ ਕਰਮਚਾਰੀ ਸਥਿਤੀ ਦਾ ਜਾਇਜ਼ਾ ਲੈਣ ਗਏ ਸਨ, ਪਰ ਤੱਤੇਪਾਣੀ ਨੇੜੇ ਭਾਰੀ ਗਾਰੇ ਤੇ ਲੱਕੜਾਂ ਕਾਰਨ ਕਿਸ਼ਤੀ ਫਸ ਗਈ।

## ਗੁਰਦੁਆਰਾ ਸਾੜਨ ਦੀ ਧਮਕੀ ਦੇ ਦੋਸ਼ 'ਚ ਰਾਜਵੀਰ ਗਿੱਲ ਦੀ ਪੇਸ਼ੀ ਅਗਲੇ ਹਫਤੇ

**ਨਿਊ ਯਾਰਕ** : ਕੈਲੀਫੋਰਨੀਆ ਸ਼ਹਿਰ 'ਚ ਗੁਰਦੁਆਰੇ ਨੂੰ ਸਾੜਨ ਦੀ ਕਥਿਤ ਧਮਕੀ ਦੇਣ ਵਾਲੇ ਬੇਕਰਸਫੀਲਡ ਸਿਟੀ ਕੌਂਸਲ ਦੇ ਸਾਬਕਾ ਸਿੱਖ ਉਮੀਦਵਾਰ ਨੂੰ ਇਸ ਮਹੀਨੇ ਦੇ ਅੰਤ 'ਚ ਮੁੱਢਲੀ ਸੁਣਵਾਈ ਲਈ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। 60 ਸਾਲਾ ਰਾਜਵੀਰ ਸਿੰਘ ਗਿੱਲ ਨੂੰ ਮਾਰਚ 'ਚ ਬੇਕਰਸਫੀਲਡ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ਦੇ ਮੈਂਬਰਾਂ ਨੂੰ ਗੋਲੀ ਮਾਰਨ ਅਤੇ ਜਾਇਦਾਦ ਨੂੰ ਸਾੜਨ ਲਈ ਹਮਲਾਵਰਾਂ ਨੂੰ ਸੁਪਾਰੀ ਦੇਣ ਦੀ ਕੋਸ਼ਿਸ਼ ਕਰਨ ਦੇ ਸ਼ੱਕ 'ਚ ਗ੍ਰਿਫਤਾਰ ਕੀਤਾ ਗਿਆ ਸੀ। ਗਿੱਲ, ਜਿਸ 'ਤੇ ਕਈ ਮਾਮਲੇ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਹੈ, 31 ਅਗਸਤ ਨੂੰ ਕੇਰਨ ਕਾਊਂਟੀ ਕੋਰਟ ਵਿਚ ਪੇਸ਼ ਹੋ ਸਕਦਾ ਹੈ।

# ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ ਮਿਲੇਗੀ 5 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸੂਬੇ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵੱਡਾ ਫੈਸਲਾ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿਚ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ 'ਮੁੱਖ ਮੰਤਰੀ ਪਿੰਡ ਏਕਤਾ ਸਨਮਾਨ' ਤਹਿਤ 5 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦੇਣ ਦਾ ਐਲਾਨ ਕੀਤਾ ਹੈ।

ਪੰਚਾਇਤੀ ਚੋਣਾਂ ਵਿਚ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਉਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਚੋਣਾਂ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦੀਆਂ ਹਨ, ਜਿਸ ਕਰਕੇ ਸੂਬਾ ਸਰਕਾਰ ਨੇ ਸਰਬਸੰਮਤੀ ਨਾਲ ਸਰਪੰਚ ਤੇ ਪੰਚ ਚੁਣਨ ਵਾਲੇ ਪਿੰਡਾਂ ਨੂੰ ਪੰਜ ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦੇਣ ਦਾ ਫੈਸਲਾ ਲਿਆ ਹੈ। ਉਨ੍ਹਾ ਕਿਹਾ ਕਿ ਇਸ ਫੈਸਲੇ ਨਾਲ ਪਿੰਡਾਂ ਵਿਚ ਸਾਂਝੀ ਰਾਏ ਨਾਲ ਪੰਚਾਇਤਾਂ ਚੁਣਨ ਦਾ ਰੁਝਾਨ ਹੋਰ ਵਧੇਗਾ, ਜਿਸ ਨਾਲ ਪਿੰਡਾਂ ਵਿਚ ਸਿਆਸੀ ਤੌਰ ਉਤੇ ਪੈਦਾ ਹੁੰਦੀ ਕੁੜੱਤਣ ਦੂਰ ਹੋਵੇਗੀ।

ਮਾਨ ਨੇ ਕਿਹਾ, 'ਪੰਚਾਇਤ ਦੀ ਚੋਣ ਪਿੰਡ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਹੁੰਦੀ ਹੈ। ਇਨ੍ਹਾਂ ਚੋਣਾਂ ਨੂੰ ਕਦੇ ਵੀ ਸਿਆਸਤ ਦੇ ਰੰਗ ਵਿਚ ਨਹੀਂ ਰੰਗਣਾ ਚਾਹੀਦਾ, ਕਿਉਂਕਿ ਪਿੰਡਾਂ ਦੇ ਲੋਕ ਇਕ-ਦੂਜੇ ਦੇ ਦੁੱਖ-ਸੁੱਖ ਦੇ ਸ਼ਰੀਕ ਹੁੰਦੇ ਹਨ। ਸਰਪੰਚ ਪਿੰਡ ਦਾ ਮੁਖੀ ਹੁੰਦਾ ਹੈ, ਜਿਸ ਕਰਕੇ ਉਸ ਨੇ ਕਿਸੇ ਇਕ ਧੜੇ ਦੀ ਨਹੀਂ, ਸਗੋਂ ਪਿੰਡ ਵਾਸੀਆਂ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ। ਮੈਂ ਸਮੂਹ ਪਿੰਡਾਂ ਨੂੰ ਅਪੀਲ ਕਰਦਾਂ ਹਾਂ ਕਿ ਆਉਣ ਵਾਲੀਆਂ ਪੰਚਾਇਤੀ ਚੋਣਾਂ ਵਿਚ ਸਿਆਸੀ ਵਖਰੇਵਿਆਂ ਨੂੰ ਲਾਂਭੇ ਕਰਕੇ ਸਰਬਸੰਮਤੀ ਨਾਲ ਸਰਪੰਚ-ਪੰਚ ਚੁਣਨ, ਤਾਂ ਕਿ ਪਿੰਡਾਂ ਦੀ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਹੋ ਸਕਣ।' ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਨੂੰ ਪੂਰੀ ● ਬਾਕੀ ਸਫ਼ਾ 2 'ਤੇ

## ਆਂਗਨਵਾੜੀ ਵਰਕਰਾਂ ਦੀਆਂ ਤਨਖਾਹਾਂ ਲਈ 3.09 ਕਰੋੜ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਇਨ੍ਹਾਂ ਕਰਮਚਾਰੀਆਂ ਦੀ ਬਕਾਇਆ ਤਨਖਾਹ ਦੀ ਅਦਾਇਗੀ ਤੁਰੰਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਬਕਾਇਆ ਤਨਖਾਹ ਦੀ ਅਦਾਇਗੀ ਲਈ 3.09 ਕਰੋੜ ਰੁਪਏ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਵਰਕਰਾਂ ਤੇ ਹੈਲਪਰਾਂ ਨੂੰ ਦਰਪੇਸ਼ ਮੁਸ਼ਕਲਾਂ ਦੂਰ ਕਰਨ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਪੰਜਾਬ ਬਾਲ ਕੌਂਸਲ ਵੱਲੋਂ ਚਲਾਏ ਜਾ ਰਹੇ ਤਿੰਨ ਬਲਾਕਾਂ ਬਠਿੰਡਾ, ਤਰਸਿੱਕਾ (ਅੰਮ੍ਰਿਤਸਰ) ਅਤੇ ਸਿੱਧਵਾਂ ਬੇਟ (ਲੁਧਿਆਣਾ) ਵਿਚ ਕੰਮ ਕਰਦੇ ਕਰਮਚਾਰੀਆਂ ਅਤੇ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇ ਸਾਲ ਅਕਤੂਬਰ ਮਹੀਨੇ ਤੋਂ ਬਕਾਇਆ ਤਨਖਾਹ ਦੀ ਅਦਾਇਗੀ ਤੁਰੰਤ ਕਰਨ ਦੇ ਆਦੇਸ਼ ਦਿੱਤੇ ਗਏ ਹਨ ਅਤੇ ਇਸ ਲਈ ਰਾਸ਼ੀ ਵੀ ਜਾਰੀ ਕਰ ਦਿੱਤੀ ਗਈ ਹੈ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨਾਲ ਸੂਬੇ ਵਿਚ ਆਂਗਨਵਾੜੀ ਵਰਕਰਾਂ ਦੇ ਮਸਲਿਆਂ ਉਤੇ ਵਿਚਾਰ-ਵਟਾਂਦਰਾ ਕੀਤਾ। ਉਹਨਾ ਕਿਹਾ ਕਿ ਆਂਗਨਵਾੜੀ ਵਰਕਰਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਸੂਬਾ ਸਰਕਾਰ ਇਨ੍ਹਾਂ ਦੀ ਭਲਾਈ ਲਈ ਵੱਡੇ ਫੈਸਲੇ ਲਵੇਗੀ, ਤਾਂ ਕਿ ਇਨ੍ਹਾਂ ਨੂੰ ਆਪਣੀਆਂ ● ਬਾਕੀ ਸਫ਼ਾ 2 'ਤੇ

# ਮਨੀਪੁਰ ਬਾਰੇ ਤਿੰਨ ਰਿਪੋਰਟਾਂ ਸੁਪਰੀਮ ਕੋਰਟ 'ਚ ਪੇਸ਼

**ਨਵੀਂ ਦਿੱਲੀ** : ਮਨੀਪੁਰ 'ਚ ਹਿੰਸਾ ਪੀੜਤਾਂ ਦੇ ਰਾਹਤ ਅਤੇ ਮੁੜ ਵਸੇਬੇ ਦੇ ਕੰਮ 'ਤੇ ਨਜ਼ਰ ਰੱਖਣ ਲਈ ਕਾਇਮ ਕੀਤੀ ਸਾਬਕਾ ਜਸਟਿਸ ਗੀਤਾ ਮਿੱਤਲ ਦੀ ਅਗਵਾਈ ਵਾਲੀ ਕਮੇਟੀ ਨੇ ਸੋਮਵਾਰ ਸੁਪਰੀਮ ਕੋਰਟ 'ਚ ਤਿੰਨ ਰਿਪੋਰਟਾਂ ਪੇਸ਼ ਕੀਤੀਆਂ। ਇਨ੍ਹਾਂ ਵਿੱਚੋਂ ਇਕ ਰਿਪੋਰਟ ਨੇ ਪੀੜਤਾਂ ਲਈ ਰਾਜ ਦੀ ਮੁਆਵਜ਼ਾ ਸਕੀਮ 'ਚ ਸੁਧਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਤਿੰਨ ਮੈਂਬਰੀ ਕਮੇਟੀ ਦੇ ਕੰਮਕਾਜ ਲਈ 25 ਅਗਸਤ ਨੂੰ ਹੁਕਮ ਜਾਰੀ ਕਰੇਗੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ ਤਿੰਨਾਂ ਰਿਪੋਰਟਾਂ ਦੀਆਂ ਕਾਪੀਆਂ ਸਾਰੇ ਸੰਬੰਧਤ ਵਕੀਲਾਂ ਨੂੰ ਦਿੱਤੀਆਂ ਜਾਣ ਅਤੇ ਪੀੜਤਾਂ ਵੱਲੋਂ ਪੇਸ਼ ਹੋ ਰਹੀ ਐਡਵੋਕੇਟ ਵਰਿੰਦਾ ਗਰੋਵਰ ਕਮੇਟੀ ਲਈ ਸੁਝਾਅ ਇਕੱਠੇ ਕਰਨ।




**ਮਨੀਪੁਰ 'ਚ ਦਰੱਖਤ 'ਤੇ ਲੱਗਾ ਬੋਰਡ, ਜਿਸ 'ਤੇ ਲਿਖਿਆ ਹੈ—ਭਾਜਪਾ ਦੀ ਐਂਟਰੀ ਬੈਨ ਹੈ। ਭਾਜਪਾ ਸਾਰੇ ਪਿੰਡ ਅਤੇ ਦੇਸ਼ ਲਈ ਖਤਰਨਾਕ ਹੈ।**

## ਸੀ ਪੀ ਆਈ ਵਫਦ ਮਨੀਪੁਰ 'ਚ

**ਲੁਧਿਆਣਾ (ਐੱਮ ਐੱਸ ਭਾਟੀਆ)**-ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਸੰਸਦ ਮੈਂਬਰ ਤੇ ਕੌਮੀ ਸਕੱਤਰੇਤ ਦੇ ਮੈਂਬਰ ਬਿਨੋਏ ਵਿਸਵਾਮ, ਕੇ. ਨਰਾਇਣ, ਰਾਮ ਕ੍ਰਿਸ਼ਨ ਪਾਂਡਾ ਅਤੇ ਅਸਾਮ ਤੋਂ ਸੀ ਪੀ ਆਈ ਦੀ ਸੀਨੀਅਰ ਮਹਿਲਾ ਆਗੂ ਅਸੋਮੀ ਗੋਗੋਈ ਸੋਮਵਾਰ ਮਨੀਪੁਰ ਦੌਰੇ 'ਤੇ ਪੁੱਜੇ। ਵਫਦ ਰਾਜ ਵਿੱਚ ਭੜਕੀ ਹਿੰਸਾ ਦੇ ਪੀੜਤਾਂ ਨੂੰ ਮਿਲ ਕੇ ਦੁੱਖ ਸਾਂਝਾ ਕਰੇਗਾ। ਵਫਦ 24 ਅਗਸਤ ਤੱਕ ਮਨੀਪੁਰ ਵਿੱਚ ਰਹੇਗਾ। ਘਾਟੀ, ਪਹਾੜੀ ਖੇਤਰਾਂ ਅਤੇ ਰਾਹਤ ਕੈਂਪਾਂ ਦਾ ਦੌਰਾ ਕਰੇਗਾ। ਵਫਦ ਮਨੀਪੁਰ ਦੀ ਰਾਜਪਾਲ ਅਨੁਸੂਈਆ ਉਈਕੀ ਨਾਲ ਵੀ ਮੁਲਾਕਾਤ ਕਰੇਗਾ ਅਤੇ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਏਗਾ।



ਮਨੀਪੁਰ ਦੀ ਏਕਤਾ ਵਿੱਚ ਸੀ ਪੀ ਆਈ ਆਗੂ ਹਿਜਾਮ ਇਰਾਬੋਟ ਦਾ ਯੋਗਦਾਨ ਬੇਮਿਸਾਲ ਹੈ। ਵਫਦ 23 ਅਗਸਤ ਨੂੰ ਪਾਰਟੀ ਦੇ 75ਵੇਂ ਸਥਾਪਨਾ ਦਿਵਸ ਦੀ ਮੀਟਿੰਗ ਵਿੱਚ ਵੀ ਹਿੱਸਾ ਲਵੇਗਾ।

# 'ਬਿੱਲ ਲਿਆਓ, ਇਨਾਮ ਪਾਓ', 'ਮੇਰਾ ਬਿੱਲ ਐਪ' ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਹੇਠਲੇ ਪੱਧਰ 'ਤੇ ਟੈਕਸ ਚੋਰੀ ਦੇ ਅਮਲ ਨੂੰ ਰੋਕਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਦੇ ਤਹਿਤ 'ਮੇਰਾ ਬਿੱਲ' ਐਪ ਦੀ ਸ਼ੁਰੂਆਤ ਕੀਤੀ ਤਾਂ ਕਿ ਸੂਬੇ 'ਚ ਮਾਲੀਏ ਦੀ ਉਗਰਾਹੀ ਵਧਾਈ ਜਾ ਸਕੇ।



ਇੱਥੇ ਮੁੱਖ ਮੰਤਰੀ ਦਫਤਰ ਵਿਖੇ ਇਸ ਐਪ ਦੀ ਸ਼ੁਰੂਆਤ ਕਰਨ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਦਾ ਉਦੇਸ਼ ਜੀ ਐਸ ਟੀ ਤਹਿਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਮਾਲੀਏ ਦੀ ਉਗਰਾਹੀ ਵਧਾਉਣਾ ਹੈ। ਇਹ ਸਕੀਮ ਖਪਤਕਾਰਾਂ ਨੂੰ ਸੂਬੇ 'ਚ ਖਰੀਦ ਕਰਨ ਮੌਕੇ ਡੀਲਰਾਂ ਪਾਸੋਂ ਬਿੱਲ ਹਾਸਲ ਕਰਨ ਲਈ ਉਤਸ਼ਾਹਤ ਕਰਨ ਅਤੇ ਵਿਕਰੀ ਬਦਲੇ ਬਿੱਲ ਹਾਸਲ ਕਰਨ ਲਈ ਡੀਲਰਾਂ ਨੂੰ ਮਜ਼ਬੂਰ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਖਪਤਕਾਰਾਂ ਨੂੰ 'ਮੇਰਾ ਬਿੱਲ' ਐਪ 'ਤੇ ਖਰੀਦ ਕਰਨ ਦਾ ਬਿੱਲ ਅਪਲੋਡ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ ਜਿਸ ਤੋਂ ਬਾਅਦ ਇਹ ਖਪਤਕਾਰ ਲੱਕੀ ਡਰਾਅ ਵਿਚ ਸ਼ਾਮਲ ਹੋਣ ਦੇ ਯੋਗ ਹੋਵੇਗਾ ਅਤੇ ਇਹ ਲੱਕੀ ਡਰਾਅ ਹਰੇਕ ਮਹੀਨੇ ਦੀ 7 ਤਰੀਕ ਨੂੰ ਨਿਕਲੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ 'ਚ 29 ਟੈਕਸੇਸ਼ਨ ਜ਼ਿਲ੍ਹੇ ਹਨ ਅਤੇ ਹਰੇਕ ਜ਼ਿਲ੍ਹੇ 'ਚ ਵੱਧ ਤੋਂ ਵੱਧ 10 ਇਨਾਮ ਦਿੱਤੇ ਜਾਣਗੇ ਜਿਸ ਤਹਿਤ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਤਿੰਨ-ਚਾਰ ਰਾਜਾਂ ਦੀ ਚੋਣ ਹੈ ਖੜੀ ਬੇਲੀ,
ਸਿਆਸੀ ਲੀਡਰਾਂ ਤੇਜ਼ੀ ਫਿਰ ਫੜੀ ਬੇਲੀ।
ਦਾਅਵੇ-ਵਾਅਦੇ ਉਹ ਕਰਨਗੇ ਬੜੇ ਵੱਡੇ,
ਮੁਕਾਬਲੇਬਾਜ਼ੀ ਦੀ ਮਾਰਨਗੇ ਤੜੀ ਬੇਲੀ।
ਗੱਪ ਮਾਰ ਗਿਆ ਜਦੋਂ ਕੋਈ ਇੱਕ ਆਗੂ,
ਛੱਡਣੀ ਗੱਪ ਅਗਲੇ ਉਸ ਤੋਂ ਬੜੀ ਬੇਲੀ।
ਜਿੱਦਣ ਤੱਕ ਨਹੀਂ ਜਾਂਦੀਆਂ ਭੁਗਤ ਵੋਟਾਂ,
ਚੌਕਾ-ਸਿਕਸਰ ਹੀ ਜਾਣੇ ਨੇ ਜੜੀ ਬੇਲੀ।
ਵੋਟਾਂ ਪੈਣ ਤੱਕ ਵੋਟਰ ਨੂੰ ਬਾਪ ਕਹਿਣਾ,
ਲਾਗੇ ਲੱਗਣ ਨਹੀਂ ਦੇਣਾ ਹੈ ਬਾਦ ਬੇਲੀ।
ਉਹੋ ਈ ਔਕੜਾਂ ਦਾ ਰਹਿਣਾ ਬੋਲਬਾਲਾ,
ਜਾਣੀ ਸੁਣੀ ਨਹੀਂ ਫੇਰ ਫਰਿਆਦ ਬੇਲੀ।

-ਤੀਸ ਮਾਰ ਖਾਂ

# 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਦਾ ਮਸ਼ਾਲ ਮਾਰਚ ਅੱਜ ਤੋਂ ਚੱਲੇਗਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਅਤੇ ਖੇਡ ਸੱਭਿਆਚਾਰ ਪੈਦਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉਤੇ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਪਹਿਲੇ ਸਾਲ ਦੀ ਸਫਲਤਾ ਤੋਂ ਬਾਅਦ ਇਸ ਸਾਲ ਸੀਜ਼ਨ-2 ਤੋਂ ਸ਼ੁਰੂਆਤ ਤੋਂ ਪਹਿਲਾਂ ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪਹਿਲੀ ਵਾਰ ਮਸ਼ਾਲ ਮਾਰਚ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਖੇਡਾਂ ਦੀ ਰਵਾਇਤ ਮੁਤਾਬਕ ਇਸ ਵਾਰ ਖੇਡਾਂ ਵਤਨ ਪੰਜਾਬ ਦੀਆਂ ਦੇ ਸੀਜ਼ਨ-2 ਦੇ ਉਦਘਾਟਨੀ ਸਮਾਰੋਹ ਮੌਕੇ ਜਲਾਈ ਜਾਣ ਵਾਲੀ ਮਸ਼ਾਲ ਨੂੰ ਇਕ ਹਫਤਾ ਪੂਰੇ ਪੰਜਾਬ ਵਿੱਚ ਹਰ ਜ਼ਿਲ੍ਹਾ ਹੈੱਡਕੁਆਟਰ ਵਿੱਚ ਲਿਜਾਇਆ ਜਾਵੇਗਾ, ਜਿਸ ਦੀ ਸ਼ੁਰੂਆਤ 22 ਅਗਸਤ ਨੂੰ ਲੁਧਿਆਣਾ ਤੋਂ ਹੋਵੇਗੀ। ਮਸ਼ਾਲ ਪੂਰੇ ਪੰਜਾਬ ਵਿੱਚ ਮਾਰਚ ਕਰਨ ਤੋਂ ਬਾਅਦ ਬਠਿੰਡਾ




ਵਿਖੇ 29 ਅਗਸਤ ਨੂੰ ਪਹੁੰਚੇਗੀ, ਜਿੱਥੇ ਖੇਡਾਂ ਦੇ ਦੂਜੇ ਸੀਜ਼ਨ ਦਾ ਉਦਘਾਟਨ ਹੋਵੇਗਾ। ਹਰ ਜ਼ਿਲ੍ਹਾ ਹੈੱਡਕੁਆਰਟਰ ਉਤੇ ਮਸ਼ਾਲ ਮਾਰਚ ਵਿੱਚ ਸਥਾਨਕ ਉੱਘੇ ਖਿਡਾਰੀ, ਖੇਡ ਵਿਭਾਗ ਦੇ ਕਰਮਚਾਰੀ, ਸਥਾਨਕ ਨੁਮਾਇੰਦੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਹੋਣਗੇ।

ਮਸ਼ਾਲ 22 ਅਗਸਤ ਨੂੰ ਲੁਧਿਆਣਾ ਤੋਂ ਮੋਗਾ ਜਾਵੇਗੀ। ਇਸੇ ਤਰ੍ਹਾਂ 23 ਅਗਸਤ ਨੂੰ ਫਿਰੋਜ਼ਪੁਰ, ਤਰਨ ਤਾਰਨ ਤੇ ਅੰਮ੍ਰਿਤਸਰ, 24 ਅਗਸਤ ਨੂੰ ਗੁਰਦਾਸਪੁਰ, ਪਠਾਨਕੋਟ ਤੇ ਹੁਸ਼ਿਆਰਪੁਰ, 25 ਅਗਸਤ ਨੂੰ ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਤੇ ਰੂਪਨਗਰ, 26 ਅਗਸਤ ਨੂੰ ਐੱਸ ਏ ਐੱਸ ਨਗਰ, ਫਤਿਹਗੜ੍ਹ ਸਾਹਿਬ ਤੇ ਮਾਲੇਰਕੋਟਲਾ, 27 ਅਗਸਤ ਨੂੰ ਪਟਿਆਲਾ, ਸੰਗਰੂਰ ਤੇ ਮਾਨਸਾ, 28 ਅਗਸਤ ਨੂੰ ਬਰਨਾਲਾ, ਫਰੀਦਕੋਟ ਤੇ ਫਾਜ਼ਿਲਕਾ ਅਤੇ 29 ਅਗਸਤ ਨੂੰ ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ ਵਿਖੇ ਮਸ਼ਾਲ ਮਾਰਚ ਗੁਜ਼ਰੇਗਾ।

# ਚੰਡੀਗੜ੍ਹ ਧਰਨੇ ਤੋਂ ਪਹਿਲਾਂ ਕਿਸਾਨ ਆਗੂਆਂ ਦੀ ਫੜੋਫੜੀ, ਝੜਪ 'ਚ ਇੱਕ ਦੀ ਮੌਤ

**ਚੰਡੀਗੜ੍ਹ/ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪੰਜਾਬ ਦੀਆਂ 16 ਕਿਸਾਨ ਜਥੇਬੰਦੀਆਂ ਵੱਲੋਂ 22 ਅਗਸਤ ਨੂੰ ਚੰਡੀਗੜ੍ਹ 'ਚ ਧਰਨਾ ਦੇਣ ਸੰਬੰਧੀ ਕੀਤੇ ਐਲਾਨ ਤੋਂ ਬਾਅਦ ਪੰਜਾਬ ਪੁਲਸ ਨੇ ਸੋਮਵਾਰ ਸਵੇਰ ਤੋਂ ਹੀ ਛਾਪੇਮਾਰੀ ਕਰਦਿਆਂ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਸਣੇ ਦਰਜਨਾਂ ਆਗੂਆਂ ਨੂੰ ਹਿਰਾਸਤ 'ਚ ਲੈ ਲਿਆ।



ਗ੍ਰਿਫਤਾਰੀਆਂ ਵਿਰੁੱਧ ਲੌਂਗੋਵਾਲ 'ਚ ਧਰਨਾ ਦੇ ਰਹੇ ਕਿਸਾਨਾਂ ਤੇ ਪੁਲਸ ਦਰਮਿਆਨ ਹੋਈ ਝੜਪ ਵਿੱਚ ਕਿਸਾਨ ਪ੍ਰੀਤਮ ਸਿੰਘ ਵਾਸੀ ਮੰਡੇਰ ਕਲਾਂ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਉਸ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਇਸ ਤੋਂ ਇਲਾਵਾ ਕਈ ਕਿਸਾਨ, ਇਕ ਪੁਲਸ ਇੰਸਪੈਕਟਰ ਸਮੇਤ ਦੋ ਹੋਰ ਪੁਲਸ ਮੁਲਾਜ਼ਮ ਜ਼ਖਮੀ ਹੋ ਗਏ। ਆਗੂਆਂ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਬਡਬਰ ਰੋਡ 'ਤੇ ਕਿਸਾਨਾਂ ਵੱਲੋਂ ਸ਼ਾਂਤਮਈ ਧਰਨਾ ਦਿੱਤਾ ਜਾ ਰਿਹਾ ਸੀ। ਉਪਰੋਂ ਜਥੇਬੰਦੀ ਦੀ ਕਾਲ ਆਈ ਕਿ ਬਡਬਰ ਟੋਲ ਪਲਾਜ਼ੇ 'ਤੇ ਜਾ ਕੇ ਧਰਨਾ ਦੇਵੋ, ਤਾਂ ਜਦੋਂ ਕਿਸਾਨ ਜਾਣ ਲੱਗੇ ਤਾਂ ਪੁਲਸ ਨੇ ਬੈਰੀਕੇਡ 'ਤੇ ਰੋਕ ਲਿਆ। ਕਿਸਾਨਾਂ ਦੱਸਿਆ ਕਿ ਪੁਲਸ ਅਧਿਕਾਰੀਆਂ ਵੱਲੋਂ ਸਰੇਆਮ ਬੱਸ ਦੇ ਸ਼ੀਸ਼ੇ ਭੰਨੇ ਗਏ। ਕਿਸਾਨਾਂ ਨੇ ਪੁਲਸ ਦੀ ਧੱਕੇਸ਼ਾਹੀ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

ਨਵਾਂ ਜ਼ਮਾਨਾ
ਮੰਗਲਵਾਰ, 22 ਅਗਸਤ 2023

# ਸੰਵਿਧਾਨ ਵਿਰੁੱਧ ਸੰਘੀ ਮੁਹਿੰਮ ਦਾ ਆਗਾਜ਼

ਭਾਰਤ ਦੇ ਸੰਵਿਧਾਨ ਪ੍ਰਤੀ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਸਮਝ ਸ਼ੁਰੂ ਤੋਂ ਹੀ ਨਾਂਹ-ਪੱਖੀ ਰਹੀ ਹੈ। ਉਸ ਦਾ ਕਹਿਣਾ ਸੀ ਕਿ ਜਦੋਂ ਸਾਡੇ ਪਾਸ ਮਨੂ ਸਿਮਰਤੀ ਮੌਜੂਦ ਹੈ ਤਾਂ ਹੋਰ ਕਿਸੇ ਸੰਵਿਧਾਨ ਦੀ ਕੋਈ ਜ਼ਰੂਰਤ ਨਹੀਂ। ਉਸ ਦਾ ਇਹ ਵੀ ਕਹਿਣਾ ਸੀ ਕਿ ਯੂਰਪੀ ਜੀਵਨ ਦੀਆਂ ਕਦਰਾਂ ਉੱਤੇ ਅਧਾਰਤ ਲੋਕਤੰਤਰ ਭਾਰਤ ਦੇ ਸੱਭਿਆਚਾਰ, ਸੰਸਕ੍ਰਿਤੀ ਤੇ ਇਤਿਹਾਸ ਦੀ ਨਿਰੰਤਰਤਾ ਦਾ ਪ੍ਰਗਟਾਵਾ ਨਹੀਂ ਕਰਦਾ। ਇਸ ਲਈ ਸੰਘ ਨੇ ਸ਼ੁਰੂ ਵਿੱਚ ਹੀ ਅਜ਼ਾਦ ਭਾਰਤ ਦੇ ਸੰਵਿਧਾਨ ਨੂੰ ਨਾਮਨਜ਼ੂਰ ਕਰ ਦਿੱਤਾ ਸੀ। ਇਸ ਦੇ ਬਾਵਜੂਦ ਸਮੁੱਚੇ ਭਾਰਤੀਆਂ ਨੇ ਸੰਵਿਧਾਨ ਨੂੰ ਅੰਗੀਕਾਰ ਕੀਤਾ ਤੇ ਹੁਣ ਤੱਕ ਕਰਦੇ ਆ ਰਹੇ ਹਨ।

ਮੋਦੀ ਦੀ ਅਗਵਾਈ ਵਿੱਚ ਸੰਘ ਸਮਰਥਤ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਭਾਰਤੀ ਸੰਵਿਧਾਨ ਵਿਰੁੱਧ ਮੁੜ ਅਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਬਿਬੇਕ ਦੇਬਰਾਏ ਨੇ 15 ਅਗਸਤ ਨੂੰ ਅੰਗਰੇਜ਼ੀ ਅਖ਼ਬਾਰ 'ਮਿੰਟ' ਵਿੱਚ ਲਿਖੇ ਇੱਕ ਲੇਖ ਰਾਹੀਂ ਭਾਰਤ ਲਈ ਇੱਕ ਨਵਾਂ ਸੰਵਿਧਾਨ ਲਿਖੇ ਜਾਣ ਦੀ ਵਕਾਲਤ ਕਰ ਦਿੱਤੀ ਹੈ। ਦੇਬਰਾਏ ਨੇ ਲਿਖਿਆ ਹੈ, 'ਅਸੀਂ ਜੋ ਵੀ ਬਹਿਸ ਕਰਦੇ ਹਾਂ, ਉਸ ਦਾ ਵੱਡਾ ਹਿੱਸਾ ਸੰਵਿਧਾਨ ਤੋਂ ਸ਼ੁਰੂ ਹੋ ਕੇ ਸੰਵਿਧਾਨ ਉੱਤੇ ਹੀ ਖ਼ਤਮ ਹੋ ਜਾਂਦਾ ਹੈ। ਕੁਝ ਸੋਧਾਂ ਨਾਲ ਕੰਮ ਨਹੀਂ ਚੱਲੇਗਾ। ਸਾਨੂੰ ਡਰਾਇੰਗ ਬੋਰਡ ਉੱਤੇ ਵਾਪਸ ਜਾਣਾ ਤੇ ਪਹਿਲੇ ਸਿਧਾਂਤਾਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਸਤਾਵਨਾ ਵਿੱਚ ਇਨ੍ਹਾਂ ਸ਼ਬਦਾਂ ਦਾ ਹੁਣ ਕੀ ਮਤਲਬ ਹੈ—ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰ, ਨਿਆਂ, ਅਜ਼ਾਦੀ ਤੇ ਸਮਾਨਤਾ। ਸਾਨੂੰ ਲੋਕਾਂ ਨੂੰ ਇੱਕ ਨਵਾਂ ਸੰਵਿਧਾਨ ਦੇਣਾ ਹੋਵੇਗਾ।'

ਦੇਬਰਾਏ ਨੇ ਜਿਹੜੇ ਸ਼ਬਦਾਂ, ਸਮਾਜਵਾਦੀ, ਧਰਮ ਨਿਰਪੱਖ, ਨਿਆਂ, ਅਜ਼ਾਦੀ ਤੇ ਸਮਾਨਤਾ ਉੱਤੇ ਕਿੰਤੂ ਕੀਤਾ ਹੈ, ਇਹ ਸਾਡੇ ਸੰਵਿਧਾਨ ਦੀ ਆਤਮਾ ਹਨ। ਜੇਕਰ ਇਹ ਸ਼ਬਦ ਹਟਾ ਦਿੱਤੇ ਜਾਣ ਤਾਂ ਇਸ ਦਾ ਸਿੱਧਾ ਮਤਲਬ ਹੈ ਤਾਨਾਸ਼ਾਹੀ। ਬਿਬੇਕ ਦੇਬਰਾਏ ਕੋਈ ਛੋਟੀ ਚੀਜ਼ ਨਹੀਂ, ਉਹ ਮੋਦੀ ਸਰਕਾਰ ਦੀਆਂ ਅੱਖਾਂ, ਨੱਕ ਤੇ ਕੰਨ ਹੈ। ਉਸ ਵੱਲੋਂ ਲਿਖੀਆਂ ਗਈਆਂ ਗੱਲਾਂ ਸੁਭਾਵਕ ਨਹੀਂ, ਇੱਕ ਸੋਚੀ-ਸਮਝੀ ਨੀਤੀ ਤਹਿਤ ਕਹੀਆਂ ਗਈਆਂ ਹਨ। ਉਹ ਲਿਖਦਾ ਹੈ, 'ਸਾਡਾ ਵਰਤਮਾਨ ਸੰਵਿਧਾਨ ਭਾਰਤ ਸਰਕਾਰ ਦੇ 1935 ਦੇ ਨੋਟੀਫਿਕੇਸ਼ਨ ਉੱਤੇ ਅਧਾਰਤ ਹੈ। ਇਸ ਲਈ ਇਹ ਗੁਲਾਮੀ ਦੀ ਵਿਰਾਸਤ ਹੈ।" ਇਹ ਕਹਿਣ ਪਿੱਛੇ ਭਾਵਨਾ ਇਹ ਹੈ ਕਿ ਜਿਵੇਂ ਮੋਦੀ ਸਰਕਾਰ ਗੁਲਾਮੀ ਦੀਆਂ ਨਿਸ਼ਾਨੀਆਂ ਕਹਿ ਕੇ ਕਈ ਨਾਵਾਂ ਅਤੇ ਕਾਨੂੰਨਾਂ ਨੂੰ ਬਦਲ ਰਹੀ ਹੈ, ਇਸੇ ਤਰ੍ਹਾਂ ਸੰਵਿਧਾਨ ਨੂੰ ਵੀ ਬਦਲ ਦੇਣਾ ਚਾਹੀਦਾ ਹੈ। ਅਸਲ ਵਿੱਚ ਬਿਬੇਕ ਦੇਬਰਾਏ ਭਾਰਤ ਵਿੱਚ ਲੋਕਤੰਤਰਿਕ ਤਾਨਾਸ਼ਾਹੀ ਦੀ ਵਕਾਲਤ ਕਰਦਾ ਹੈ, ਜਿਸ ਲਈ ਉਹ ਭਾਰਤ ਦੇ ਮੌਜੂਦਾ ਸੰਵਿਧਾਨ ਨੂੰ ਵੱਡੀ ਰੁਕਾਵਟ ਸਮਝਦਾ ਹੈ।

ਲੇਖ ਛਪਣ ਤੋਂ ਦੋ ਦਿਨ ਬਾਅਦ ਹੀ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਨੇ ਇਸ ਲੇਖ ਤੋਂ ਆਪਣੇ ਆਪ ਨੂੰ ਵੱਖ ਕਰਦਿਆਂ ਇਸ ਨੂੰ ਉਸ ਦੇ ਨਿੱਜੀ ਵਿਚਾਰ ਦੱਸਿਆ। ਇਹ ਕਿੱਡੀ ਹਾਸੋਹੀਣੀ ਗੱਲ ਹੈ ਕਿ ਬਿਬੇਕ ਦੇਬਰਾਏ ਹੀ ਲੇਖ ਲਿਖਦਾ ਹੈ ਤੇ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਵਜੋਂ ਉਹ ਹੀ ਉਸ ਦਾ ਖੰਡਨ ਕਰਦਾ ਹੈ। ਅਜਿਹੀ ਡਰਾਮੇਬਾਜ਼ੀ ਮੋਦੀ ਰਾਜ ਵਿੱਚ ਹੀ ਸੰਭਵ ਹੈ।

ਅਸਲ ਵਿੱਚ ਇਹ ਸੰਭਵ ਹੀ ਨਹੀਂ ਕਿ ਮੋਦੀ ਦੀ ਸਹਿਮਤੀ ਬਿਨਾਂ ਉਸ ਦੀ ਆਰਥਿਕ ਸਲਾਹਕਾਰ ਕੌਂਸਲ ਦਾ ਚੇਅਰਮੈਨ ਕੋਈ ਆਪਹੁਦਰੀ ਕਰ ਸਕਦਾ ਹੋਵੇ। ਅਸਲ ਵਿੱਚ ਸੱਤਾਧਾਰੀਆਂ ਨੇ ਸੰਵਿਧਾਨ ਬਦਲਣ ਦੀ ਆਪਣੀ ਮਨਸ਼ਾ ਬਾਰੇ ਲੋਕਾਂ ਦਾ ਨਜ਼ਰੀਆ ਜਾਣਨ ਲਈ ਦੇਬਰਾਏ ਨੂੰ ਇੱਕ ਜ਼ਰੀਆ ਬਣਾਇਆ ਹੈ। ਇਹ ਲੇਖ ਛਪਣ ਤੋਂ ਬਾਅਦ ਦੇਸ਼ ਭਰ ਵਿੱਚ ਇਸ ਵਿਰੁੱਧ ਤਿੱਖੀ ਪ੍ਰਤੀਕ੍ਰਿਆ ਹੋਈ ਹੈ। ਬਸਪਾ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੇ ਇਸ ਲੇਖ ਦੀ ਤਿੱਖੀ ਅਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੀ ਵਕੀਲ ਸੋਮੋਨਾ ਖੰਨਾ ਨੇ ਲਿਖਿਆ ਹੈ, 'ਇੱਕ ਸਰਕਾਰੀ ਅਰਥ ਸ਼ਾਸਤਰੀ ਦੀ ਅਜਿਹੀ ਸੋਚ ਹੰਕਾਰ ਦੀ ਸਿਖਰ ਹੈ। ਉਹ ਸੰਵਿਧਾਨ ਸਭਾ ਦੇ 389 ਮੈਂਬਰਾਂ, ਡਾ. ਅੰਬੇਡਕਰ ਦੀ ਪ੍ਰਧਾਨਗੀ ਵਾਲੇ ਬੁੱਧੀਮਾਨਾਂ ਅਤੇ 77 ਸਾਲਾਂ ਦੇ ਸੰਵਿਧਾਨਕ ਨਿਆਂ ਸ਼ਾਸਤਰ ਦੇ ਗਿਆਨ ਨੂੰ ਵੀ ਖ਼ਤਮ ਕਰ ਸਕਦਾ ਹੈ।'

ਲੋਕਾਂ ਦੇ ਇਸ ਵਿਰੋਧ ਕਾਰਨ ਹੀ ਆਖਰ ਦੇਬਰਾਏ ਨੂੰ ਖੁਦ ਹੀ ਲੇਖ ਦਾ ਖੰਡਨ ਕਰਨ ਲਈ ਮਜਬੂਰ ਹੋਣਾ ਪਿਆ, ਪਰ ਇਸ ਦੇ ਨਾਲ ਸੰਘ-ਭਾਜਪਾ ਨੇ ਲੋਕਾਂ ਨੂੰ 2024 ਦੀਆਂ ਚੋਣਾਂ ਤੋਂ ਬਾਅਦ ਦਾ ਨਕਸ਼ਾ ਦਿਖਾ ਕੇ ਆਪਣੇ ਮਨਸੂਬਿਆਂ ਨੂੰ ਨਸ਼ਰ ਕਰ ਦਿੱਤਾ ਹੈ।

-ਚੰਦ ਫਤਿਹਪੁਰੀ

# ਮਨੀਪੁਰ 'ਚ ਕੁਦਰਤੀ ਰਹਿਮਤਾਂ ਬਨਾਮ ਮਨੁੱਖੀ ਦਰਿੰਦਗੀ ਦੇ ਦ੍ਰਿਸ਼

ਮੇਜਰ ਸਿੰਘ ਨਾਭਾ




ਭਾਰਤ ਦੇ ਲੋਕਤੰਤਰ ਨੂੰ ਅਨੇਕਤਾ 'ਚ ਏਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ । ਇੱਥੇ ਬਹੁਤ ਸਾਰੀਆਂ ਭਾਸ਼ਾਵਾਂ, ਬੋਲੀਆਂ, ਧਰਮਾਂ, ਨਸਲਾਂ, ਫਿਰਕਿਆਂ, ਜਾਤਾਂ, ਸੱਭਿਆਚਾਰ ਗਤੀਵਿਧੀਆਂ ਆਦਿ ਦੇ ਲੋਕ ਰਹਿੰਦੇ ਹਨ। ਭਾਰਤ ਦੇ ਉੱਤਰ-ਪੱਛਮ ਦੇ ਕੁਦਰਤੀ ਸੁੰਦਰਤਾ ਭਰਪੂਰ ਰਾਜ ਮਨੀਪੁਰ ਨੂੰ 'ਏ ਜਿਊਲ ਲੈਂਡ' ਆਖਿਆ ਜਾਂਦਾ ਹੈ, ਕਿਉਂਕਿ ਇਹ ਨੌਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ, ਜੋ ਇਸ ਦੀ ਕੁਦਰਤੀ ਸੁੰਦਰਤਾ 'ਚ ਵਾਧਾ ਕਰਦੀਆਂ ਹਨ । ਇਸੇ ਕਰਕੇ ਸਵ: ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਨਹਿਰੂ ਨੇ ਇਸ ਨੂੰ 'ਜਿਊਲ ਆਫ ਇੰਡੀਆ' ਆਖਿਆ। ਦੂਜੇ ਸੰਸਾਰ ਯੁੱਧ ਸਮੇਂ ਮਨੀਪੁਰ ਨੂੰ ਜਪਾਨ ਅਤੇ ਸਾਥੀਆਂ ਨੇ ਲੜਾਈ ਦਾ ਅਖਾੜਾ ਬਣਾਇਆ ਅਤੇ ਲੜਾਈ ਤੋਂ ਬਾਅਦ ਰਾਜਾ ਬੋਧਚੰਦਰ ਨੇ ਇੱਕ ਸੰਧੀ ਇਸ ਨੂੰ ਭਾਰਤ ਵਿੱਚ ਮਿਲਾਉਣ ਦੀ ਹਸਤਾਖਰ ਕੀਤੀ। ਭਾਰਤ ਸਰਕਾਰ ਵੱਲੋਂ ਇਸ ਨੂੰ 1956 ਵਿੱਚ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ ਅਤੇ 1972 'ਚ ਪੂਰਨ ਰਾਜ ਦਾ ਦਰਜਾ ਦਿੱਤਾ ਗਿਆ । ਇਸ ਦੀ ਆਰਥਿਕਤਾ ਖੇਤੀਬਾੜੀ ਅਤੇ ਜੰਗਲਾਤ (ਬਾਂਸ, ਟੀਕ ਆਦਿ), ਛੋਟੇ ਕਾਰੋਬਾਰਾਂ 'ਤੇ ਨਿਰਭਰ ਜ਼ਿਆਦਾ ਹੈ । ਇੱਥੋਂ ਦੇ ਕਲਾਕਾਰਾਂ ਦੀਆਂ ਹੱਥੀਂ ਬਣਾਈਆਂ ਵਸਤਾਂ ਦੀ ਮੰਗ ਪੂਰੀ ਨਹੀਂ ਹੋ ਰਹੀ । ਕੋਈ ਦੋ ਤਿਹਾਈ ਮੈਤੇਈ ਲੋਕ ਮਨੀਪੁਰ ਘਾਟੀ ਉੱਪਰ ਰਹਿੰਦੇ ਹਨ, ਜੋ ਕਿ ਜ਼ਿਆਦਾ ਹਿੰਦੂ ਹਨ। ਉੱਤਰ ਵਿੱਚ ਨਾਗਾ ਲੋਕ ਅਤੇ ਦੱਖਣ 'ਚ ਕੁੱਕੀ ਰਹਿੰਦੇ ਹਨ, ਜੋ ਕਿ ਅੱਡ-ਅੱਡ ਭਾਸ਼ਾਵਾਂ ਬੋਲਦੇ ਹਨ । ਅੰਗਰੇਜ਼ੀ ਭਾਸ਼ਾ ਵੀ ਬੋਲੀ ਜਾਂਦੀ ਹੈ । ਰਾਜ ਭਾਸ਼ਾ ਮਨੀਪੁਰੀ ਹੈ ਅਤੇ ਇੰਫਾਲ ਇਸ ਦੀ ਰਾਜਧਾਨੀ ਹੈ । ਲੋਕ ਆਪਣੀਆਂ-ਆਪਣੀਆਂ ਸੱਭਿਆਚਾਰਕ ਗਤੀਵਿਧੀਆਂ ਅਤੇ ਸੰਗੀਤਕ ਧੁਨਾਂ ਦੇ ਸ਼ੌਕੀਨ ਹਨ। ਉਹ ਆਪਸੀ ਦੋਸਤਾਨਾ ਮਾਹੌਲ 'ਚ ਵਿਚਰਦੇ ਹਨ । ਲੋਕ ਆਪਣੇ ਸਥਾਨਕ ਪ੍ਰੰਪਰਾਗਤ ਤਿਉਹਾਰ ਬੜੇ ਚਾਵਾਂ ਨਾਲ ਮਨਾਉਂਦੇ ਹਨ ।


ਮਨੀਪੁਰ ਵਿੱਚ ਇੰਫਾਲ ਘਾਟੀ 'ਚ ਬਹੁਗਿਣਤੀ ਵਿੱਚ ਰਹਿ ਰਹੇ ਮੈਤੇਈ ਲੋਕਾਂ ਅਤੇ ਆਲੇ-ਦੁਆਲੇ ਦੀਆਂ ਪਹਾੜੀਆਂ 'ਤੇ ਰਹਿ ਰਹੇ 'ਜ਼ੋ ਅਤੇ ਕੁੱਕੀ' ਲੋਕਾਂ ਵਿਚਕਾਰ 3 ਮਈ 2023 ਨੂੰ ਨਸਲੀ ਝੜਪ ਸ਼ੁਰੂ ਹੋ ਗਈ, ਜਿਸ ਵਿੱਚ 14 ਜੂਨ ਤੱਕ ਘੱਟੋ-ਘੱਟ 98 ਲੋਕ ਮਾਰੇ ਗਏ ਅਤੇ 300 ਤੋਂ ਵੱਧ ਜ਼ਖ਼ਮੀ ਹੋ ਗਏ । ਮੈਤੇਈ ਲੋਕਾਂ ਵੱਲੋਂ ਭਾਰਤੀ ਸੰਵਿਧਾਨ ਤਹਿਤ ਉਨ੍ਹਾਂ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ । ਮਨੀਪੁਰ ਹਾਈ ਕੋਰਟ ਨੇ ਰਾਜ ਸਰਕਾਰ ਨੂੰ ਇੱਕ ਫੈਸਲੇ ਤਹਿਤ ਚਾਰ ਹਫਤਿਆਂ 'ਚ ਇਸ ਮੁੱਦੇ ਉੱਪਰ ਪਹਿਲ-ਕਦਮੀ ਨਾਲ ਫੈਸਲਾ ਲੈਣ ਲਈ ਕਿਹਾ ਸੀ । ਇਸ ਦੇ ਵਿਰੋਧ ਵਿੱਚ ਮਨੀਪੁਰ ਦੀ 'ਆਲ ਟ੍ਰਾਈਬਲ ਸਟੂਡੈਂਟ ਯੂਨੀਅਨ' ਨੇ 3 ਮਈ ਨੂੰ ਸਾਰੇ ਪਹਾੜੀ ਜਿਲ੍ਹਿਆਂ 'ਚ ਇੱਕਜੁੱਟਤਾ ਮਾਰਚ ਕੱਢਿਆ। ਮਾਰਚ ਦੇ ਅੰਤ ਤੱਕ ਇੰਫਾਲ ਘਾਟੀ ਦੇ ਆਲੇ-ਦੁਆਲੇ ਜ਼ਿਲ੍ਹਿਆਂ 'ਚ ਮੈਤੇਈ ਅਤੇ ਕੁੱਕੀ ਭਾਈਚਾਰੇ ਵਿਚਕਾਰ ਝੜਪਾਂ ਸ਼ੁਰੂ ਹੋ ਗਈਆਂ। ਭਾਰਤੀ ਫੌਜ ਨੇ ਕਾਨੂੰਨ ਵਿਵਸਥਾ ਨੂੰ ਬਹਾਲ ਕਰਨ ਲਈ ਲੱਗਭੱਗ 10000 ਸੈਨਿਕਾਂ ਅਤੇ ਅਰਧ ਸੈਨਿਕ ਬਲਾਂ ਨੂੰ ਬੁਲਾ ਲਿਆ । ਧਾਰਾ 144 ਲਾਗੂ ਕਰ ਦਿੱਤੀ ਅਤੇ 'ਅੱਤ ਦੇ ਮਾਮਲਿਆਂ' ਵਿੱਚ ਕਰਫਿਊ ਲਾਗੂ ਕਰਨ ਅਤੇ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਦਿੱਤੇ ਗਏ। ਮਨੀਪੁਰ ਦੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਨੇ ਇਸ ਨੂੰ ਦੋ ਫਿਰਕਿਆਂ 'ਚ ਗਲਤ-ਫਹਿਮੀ ਨਾਲ ਭੜਕਾਉਣ ਅਤੇ ਸ਼ਾਂਤੀ ਬਹਾਲ ਕਰਨ ਦੀ ਅਪੀਲ ਕੀਤੀ ਗਈ । ਹੁਣ ਤਾਜ਼ਾ ਮਨੀਪੁਰ ਦੀਆਂ ਮੰਦਭਾਗੀ ਘਟਨਾਵਾਂ ਆਜ਼ਾਦ ਦੇਸ਼ ਵਿੱਚ ਸਰਕਾਰ ਦੀਆਂ ਅੱਖਾਂ ਸਾਹਮਣੇ ਘੱਟ-ਗਿਣਤੀ ਫਿਰਕੇ ਦੀਆਂ ਔਰਤਾਂ ਦੇ ਨਾਲ ਨੇਤਾਵਾਂ ਦੀ ਸ਼ਹਿ 'ਤੇ ਨੰਗੇਜ ਹਾਲਤ 'ਚ ਘਿਨਾਉਣੇ ਤਸੀਹੇ ਦੇ ਕੇ ਪਹਿਲਾਂ ਸ਼ਰੇਆਮ ਘੁੰਮਾਇਆ ਅਤੇ ਤੜਫਾ ਤੜਫਾ ਕੇ ਮਾਰਿਆ ਗਿਆ , ਇਹ ਮੰਦਭਾਗੀ ਘਟਨਾ ਰਾਜ 'ਚ ਪੁਲਸ ਦੀ ਕਾਰਗੁਜ਼ਾਰੀ ਉੱਪਰ ਸਵਾਲੀਆ ਚਿੰਨ੍ਹ ਲਾਉਂਦੀ ਹੈ, ਜਿਸ ਨੇ ਬਾਅਦ 'ਚ ਵੀ ਕੋਈ ਠੋਸ ਕਦਮ ਨਹੀਂ ਚੁੱਕੇ, ਜਦੋਂ ਕਿ ਦੰਗੇ-ਫਸਾਦ, ਅਗਜ਼ਨੀ ਆਦਿ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ। ਪ੍ਰਧਾਨ ਮੰਤਰੀ ਨੇ ਕਿੰਨਾ ਚਿਰ ਕੋਈ ਨਿਖੇਧੀ ਦਾ ਬਿਆਨ ਨਹੀਂ ਦਿੱਤਾ । ਸੂਬੇ ਦਾ ਮੁੱਖ ਮੰਤਰੀ ਪਹਿਲਾਂ ਹੀ ਇਸ ਮੰਦਭਾਗੀ ਘਟਨਾ ਨੂੰ ਇਹੋ ਜਿਹੀਆਂ ਪਹਿਲਾਂ ਸੈਂਕੜੇ ਵਾਪਰ ਚੁੱਕੀਆਂ ਘਟਨਾਵਾਂ ਨਾਲ ਤੁਲਨਾ ਕਰਕੇ ਆਪਣਾ ਪੱਲਾ ਝਾੜ ਚੁੱਕਾ ਹੈ । ਦੇਸ਼ ਦੇ ਵਾਸੀਆਂ ਨੇ ਇਸ ਸ਼ਰਮਿੰਦਗੀ ਭਰੇ ਕਾਰੇ ਲਈ ਰੋਸ ਪ੍ਰਗਟ ਕੀਤਾ ਹੈ । ਦੇਸ਼ ਅੰਦਰ ਘੱਟ-ਗਿਣਤੀ ਫਿਰਕਿਆਂ ਨਾਲ ਵਿਤਕਰਾ ਆਮ ਵਰਤਾਰਾ ਹੁੰਦਾ ਜਾ ਰਿਹਾ ਹੈ । ਸੰਤਾਲੀ ਦੇ ਦੁਖਾਂਤ ਤੋਂ ਸਰਕਾਰਾਂ ਨੇ ਕੋਈ ਸਬਕ ਨਹੀਂ ਸਿੱਖਿਆ, ਸ਼ਾਇਦ ਇਸੇ ਕਾਰਨ ਸਭ ਤੋਂ ਵੱਡੇ ਲੋਕਤੰਤਰ ਦੇਸ਼ ਵਿੱਚ ਵਾਰ-ਵਾਰ ਦਿਲ ਕੰਬਾਊ ਘਟਨਾਵਾਂ ਵਾਪਰ ਰਹੀਆਂ ਹਨ । ਇਸੇ ਤਰ੍ਹਾਂ ਦਾ ਦੁਖਾਂਤ ਪੰਜਾਬ 1984 'ਚ ਸਹਿ ਚੁੱਕਿਆ ਹੈ, ਜਦੋਂ ਦੇਸ਼ ਦੀ ਰਾਜਧਾਨੀ ਅੰਦਰ ਰਾਜਨੀਤਕ ਲੋਕਾਂ ਦੇ ਇਸ਼ਾਰੇ 'ਤੇ ਪ੍ਰਸ਼ਾਸਨ ਨੇ ਉਸ ਸਮੇਂ ਦੇ ਵਾਪਰੇ ਦੰਗੇ-ਫਸਾਦ, ਅਗਜ਼ਨੀ, ਗਲਾਂ 'ਚ ਟਾਇਰ ਪਾ ਕੇ ਸਿੱਖਾਂ ਦੇ ਕਤਲੇਆਮ ਆਦਿ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸਵ: ਰਾਜੀਵ ਗਾਂਧੀ ਨੇ ਕੋਈ ਨਿਖੇਧੀ ਦਾ ਬਿਆਨ ਦੇਣ ਦੀ ਬਜਾਇ ਭੜਕਾਊ ਬਿਆਨ 'ਜਬ ਕੋਈ ਵੱਡਾ ਪੇੜ ਗਿਰਦਾ ਹੈ ਤਾਂ ਧਰਤੀ ਹਿਲਤੀ ਹੈ' ਦੇ ਕੇ ਇਸ ਵਰਤਾਰੇ ਨੂੰ ਜਾਇਜ਼ ਕਰਾਰ ਦੇ ਦਿੱਤਾ ਸੀ ।

ਹੁਣ ਸੰਸਦ ਵਿੱਚ ਕਾਂਗਰਸ ਦੇ ਰਾਹੁਲ ਗਾਂਧੀ ਨੇ ਮਨੀਪੁਰ ਘਟਨਾਵਾਂ ਬਾਰੇ ਕਿਹਾ, 'ਫੌਜ ਇੱਕ ਦਿਨ 'ਚ ਮਨੀਪੁਰ ਸ਼ਾਂਤ ਕਰ ਸਕਦੀ ਸੀ, ਪਰ ਇਸ ਦੀ ਵਰਤੋਂ ਨਹੀਂ ਹੋਈ'। ਰਾਹੁਲ ਗਾਂਧੀ ਨੂੰ ਆਪਣੀ ਪਾਰਟੀ ਦੀ ਪਿਛਲੀ ਕਾਰਗੁਜ਼ਾਰੀ ਨੂੰ ਦੇਖ ਕੇ ਹੁਣ ਆਪਣੇ ਡੈਡੀ ਦੇ ਪ੍ਰਧਾਨ ਮੰਤਰੀ ਹੁੰਦੇ ਹੋਏ ਬੋਲੇ ਸ਼ਬਦਾਂ ਨੂੰ ਚੁਰਾਸੀ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦਾ ਯਤਨ ਜੋ ਕੀਤਾ ਗਿਆ ਸੀ, ਉਸ ਲਈ ਰਾਹੁਲ ਗਾਂਧੀ ਨੂੰ ਸਿੱਖ ਕੌਮ ਤੋਂ ਮਾਫੀ ਮੰਗਣੀ ਚਾਹੀਦੀ ਹੈ, ਜੇਕਰ ਉਸ ਦੀ ਸੋਚ ਮਨੀਪੁਰ ਘਟਨਾਵਾਂ ਬਾਰੇ ਵਾਂਗ ਸੱਚੀ ਹੈ ।

*# ਸੰਪਰਕ : 70096-74242*

# ਕੈਨੇਡਾ 'ਚ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਨਾਂਅ ਦੀ ਤਖ਼ਤੀ ਲਗਾਈ

ਅਵਤਾਰ ਲੰਗੇਰੀ




ਕੈਨੇਡਾ ਦੇ ਸ਼ਹਿਰ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਮਹਾਨ ਸ਼ਖਸੀਅਤ ਜਿਨ੍ਹਾਂ ਪਿੰਡ ਲੰਗੇਰੀ ਦੀ ਧਰਤੀ 'ਤੇ ਜਨਮ ਲੈ ਕੇ ਅੰਤਰ-ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ ਅਤੇ ਲੋਕ ਹਿੱਤਾਂ ਦੀ ਖਾਤਰ ਲੋਕ ਦੁਸ਼ਮਣ ਤਾਕਤਾਂ ਨਾਲ ਲੋਹਾ ਲੈਂਦਿਆਂ ਸੀਨੇ ਵਿੱਚ ਗੋਲੀਆਂ ਖਾ ਕੇ 25 ਸਤੰਬਰ 1986 ਨੂੰ ਸ਼ਹਾਦਤ ਦਿੱਤੀ । ਉਹ ਪਿੰਡ ਲੰਗੇਰੀ ਦੇ ਨਹੀਂ, ਸਗੋਂ ਪੂਰੀ ਦੁਨੀਆ ਅੰਦਰ ਜਮਹੂਰੀ ਇਨਕਲਾਬੀ ਸਫਾਂ ਅੰਦਰ ਸਤਿਕਾਰਯੋਗ ਰੁਤਬਾ ਰੱਖਦੇ ਹਨ । ਅੱਜ ਕੈਨੇਡਾ ਵਰਗੇ ਵਿਸ਼ਾਲ ਦੇਸ਼ ਅੰਦਰ ਬੀ ਸੀ ਲੇਬਰ ਹੈਰੀਟੇਜ ਸੈਂਟਰ ਵੱਲੋਂ ਵੈਨਕੂਵਰ ਆਈਲੈਂਡ ਦੇ ਸ਼ਹਿਰ ਲੇਕ ਕਾਊਚਿਨ ਵਿੱਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਤਖ਼ਤੀ ਦਾ ਲੱਗਣਾ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਉਹ ਅੱਜ ਵੀ ਕੈਨੇਡਾ ਵੱਸਦੇ ਇਨਕਲਾਬੀ ਸੋਚ ਰੱਖਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਕਿੰਨਾ ਸਤਿਕਾਰ ਰੱਖਦੇ ਹਨ, ਜਿਸ 'ਤੇ ਅਸੀਂ ਮਾਣ ਨਾਲ ਸਿਰ ਉੱਚਾ ਰੱਖ ਸਕਦੇ ਹਾਂ । ਉਨ੍ਹਾਂ ਦੇ ਸਤਿਕਾਰ ਵਿੱਚ ਇਸ ਤਖ਼ਤੀ ਦਾ ਲੱਗਣਾ ਇੱਕ ਇਤਿਹਾਸਕ ਵਰਤਾਰਾ ਹੈ ਅਤੇ ਭਾਰਤੀ ਕਮਿਊਨਿਸਟ ਪਾਰਟੀ ਲਈ 15 ਅਗਸਤ 2023 ਦਾ ਦਿਨ ਇਹ ਯਾਦਗਾਰੀ ਹੋ ਨਿਬੜਿਆ ਹੈ।

ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪਿੰਡ ਲੰਗੇਰੀ ਅਤੇ ਕੈਨੇਡਾ ਦੀ ਧਰਤੀ 'ਤੇ ਉਨ੍ਹਾਂ ਦੀ ਸਾਲਾਨਾ ਬਰਸੀ ਮਨਾਉਣ ਵਿੱਚ ਲਗਾਤਾਰਤਾ ਬਣਾਈ ਰੱਖਣਾ ਪਿੰਡ ਵਾਸੀਆਂ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਅਣਸਰਦੀ ਲੋੜ ਹੈ ।

ਇਸ ਮੌਕੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਆਗੂ ਅਵਤਾਰ ਲੰਗੇਰੀ ਨੇ ਕਿਹਾ ਕਿ ਭਾਰਤੀ ਲੋਕਾਂ ਨੂੰ ਕੈਨੇਡਾ ਅੰਦਰ ਵੋਟ ਦਾ ਹੱਕ ਦਿਵਾਉਣ ਅਤੇ ਇੰਡੀਅਨ ਵਰਕਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਮਰ ਸ਼ਹੀਦ ਅਤੇ ਮਹਾਨ ਯੋਧੇ ਦਰਸ਼ਨ ਸਿੰਘ ਕੈਨੇਡੀਅਨ ਦੀ ਸੋਚ 'ਤੇ ਪਹਿਰਾ ਦਿੰਦਿਆਂ ਸਾਨੂੰ ਹੱਕ-ਸੱਚ ਅਤੇ ਇਨਸਾਫ ਲਈ ਚਲਾਏ ਜਾਣ ਵਾਲੇ ਹਰ ਸ਼ੰਘਰਸ ਵਿੱਚ ਬਣਦਾ ਰੋਲ ਨਿਭਾਉਣਾ ਚਾਹੀਦਾ ਹੈ ਇਹੀ ਉਨ੍ਹਾ ਲਈ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੂੰ ਕੋਟਿਨ ਕੋਟਿ ਪ੍ਰਣਾਮ ਅਤੇ ਲਾਲ ਸਲਾਮ ਕਹਿੰਦਿਆਂ ਬੀ.ਸੀ. ਹੈਰੀਟੇਜ ਸੈਂਟਰ ਸਮੇਤ ਉਨ੍ਹਾਂ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਇਸ ਇਤਿਹਾਸਕ ਕੰਮ ਨੂੰ ਨੇਪਰੇ ਚਾੜ੍ਹਿਆ ਗਿਆ ।

*# ਸੰਪਰਕ : +91 9463-26018*

# ਮਾਂ ਬੋਲੀ ਦਾ ਮਹੱਤਵ

ਸੁਖਚੈਨ ਸਿੰਘ ਕੁਰੜ

'ਮਾਂ' ਸ਼ਬਦ ਦੁਨੀਆ ਦਾ ਸਭ ਤੋਂ ਖੂਬਸੂਰਤ ਅਹਿਸਾਸ ਹੈ। ਮਾਂ ਕੋਲੋਂ ਸਿੱਖੀ ਬੋਲੀ ਸਾਡੀ ਮਾਂ-ਬੋਲੀ ਹੁੰਦੀ ਹੈ। ਮਾਂ-ਬੋਲੀ ਵਿੱਚ ਕਿੰਨੇ ਖੂਬਸੂਰਤ ਹੋਰ ਅਹਿਸਾਸ ਹੋ ਸਕਦੇ ਹਨ, ਇੱਥੋਂ ਇਹ ਸਮਝ ਸਾਨੂੰ ਸੁਤੇ-ਸੁਭਾਅ ਆਪਣੇ ਮਨ 'ਤੇ ਉੱਕਰ ਲੈਣੀ ਚਾਹੀਦੀ ਹੈ। ਮਾਂ ਤੋਂ ਬਾਅਦ ਮਹਿਸੂਸ ਕਰੀਏ ਤਾਂ ਮਾਂ-ਬੋਲੀ ਹੀ ਸਤਿਕਾਰ ਦੀ ਪਾਤਰ ਹੈ। ਇੱਥੇ ਸਾਨੂੰ ਮਨੋਵਿਗਿਆਨਕ ਤੌਰ 'ਤੇ ਇਸ ਤੱਥ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿ ਬੱਚਾ ਮਾਂ-ਬੋਲੀ ਵਿੱਚ ਛੇਤੀ ਗਿਆਨ ਪ੍ਰਾਪਤ ਕਰ ਸਕਦਾ ਹੈ। ਅਜੋਕੇ ਸਮੇਂ ਵਿੱਚ ਵਿਦੇਸ਼ਾਂ 'ਚ ਜਾਣ ਦੀ ਦੌੜ ਨੇ ਸਾਡੇ ਸਮਾਜ ਵਿੱਚ ਬੱਚਿਆਂ ਸਮੇਤ ਮਾਪਿਆਂ ਦੇ ਮਨਾਂ ਵਿੱਚ ਇੱਕ ਬਹੁਤ ਵੱਡਾ ਭਰਮ ਤੇ ਡਰ ਪੈਦਾ ਕਰ ਦਿੱਤਾ ਹੈ ਕਿ ਵਿਦੇਸ਼ੀ ਭਾਸ਼ਾਵਾਂ ਸਿੱਖੇ ਬਿਨਾਂ ਰੁਜ਼ਗਾਰ ਨਹੀਂ। ਆਪਾਂ ਇੱਥੇ ਤੁਹਾਡੇ ਨਾਲ ਕੁਝ ਦਿਲਚਸਪ ਤੱਥਾਂ ਦੀ ਸਾਂਝ ਬਣਾਉਂਦੇ ਹਾਂ, ਜੋ ਇਹ ਭਰਮ ਤੇ ਇਹ ਡਰ ਨੂੰ ਦੂਰ ਕਰਨ ਲਈ ਕਾਫੀ ਸਹਾਈ ਹੋਣਗੇ।

ਜਦ ਗੱਲ ਰੁਜ਼ਗਾਰ ਦੀ ਤੁਰਦੀ ਹੈ ਤਾਂ ਸਾਡੇ ਦੇਸ਼ ਵਿਚ ਵਿਗਿਆਨ ਦੇ ਵਿਸ਼ੇ 'ਤੇ ਸਭ ਤੋਂ ਪਹਿਲਾਂ ਚਰਚਾ ਕਰਨੀ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ।

ਇੱਥੇ ਅਸੀਂ ਵੱਖੋ-ਵੱਖ ਦੇਸ਼ਾਂ ਦੇ ਸੰਦਰਭ ਵਿੱਚ ਇਸ ਸਭ ਕੁਝ ਨੂੰ ਸਮਝਣਾ ਹੈ। ਜੇ ਪਹਿਲੀ ਗੱਲ ਵਿਗਿਆਨ ਦੇ ਵਿਸ਼ਿਆਂ ਵਿੱਚ ਨੋਬਲ ਪੁਰਸਕਾਰ ਜਿੱਤਣ ਵਾਲਿਆਂ ਦੀ ਕਰੀਏ ਤਾਂ ਇਹਨਾਂ ਵਿੱਚੋਂ ਬਹੁਗਿਣਤੀ ਅੰਗਰੇਜ਼ਾਂ ਦੀ ਨਹੀਂ ਹੈ; ਕੋਈ ਜਰਮਨ ਹੈ ਕੋਈ ਫਰੈਂਚ ਹੈ ਜਾਂ ਯੂਰਪ ਦੀਆਂ ਹੋਰ ਬੋਲੀਆਂ ਬੋਲਣ ਵਾਲੇ ਹਨ। ਇਹਨਾਂ ਦੇ ਜਿਹੜੇ ਖੋਜ-ਪੱਤਰਾਂ ਲਈ ਨੋਬਲ ਪੁਰਸਕਾਰ ਮਿਲੇ, ਉਹ ਇਹਨਾਂ ਦੀਆਂ ਆਪਣੀਆਂ ਬੋਲੀਆਂ ਵਿੱਚ ਹਨ। ਹੁਣ ਲੱਗਦੇ ਹੱਥ ਸਾਡੇ ਦੇਸ਼ ਦੇ ਭੌਤਿਕ ਵਿਗਿਆਨੀ ਚੰਦਰ ਸ਼ੇਖਰ ਦੀ ਹੀ ਗੱਲ ਕਰੀਏ ਤਾਂ ਉਸ ਨੂੰ ਉਸ ਦੇ ਜਿਸ ਖੋਜ-ਪੱਤਰ ਲਈ ਨੋਬਲ ਇਨਾਮ ਮਿਲਿਆ ਉਹ ਉਹਦੀ ਮਾਂ-ਬੋਲੀ 'ਤਾਮਿਲ' ਵਿੱਚ ਹੀ ਹੈ।

ਕੁੱਝ ਸਮਾਂ ਪਹਿਲਾਂ ਭਾਰਤ ਦੇ ਉਪ-ਰਾਸ਼ਟਰਪਤੀ ਸ੍ਰੀ ਐੱਮ ਵੈਂਕੱਈਆ ਨਾਇਡੂ ਨੇ ਹੈਦਰਾਬਾਦ ਯੂਨੀਵਰਸਿਟੀ ਅਤੇ ਤੇਲਗੂ ਅਕੈਡਮੀ ਦੁਆਰਾ ਆਯੋਜਿਤ "ਗਿਆਨ ਰਚਨਾ: ਮਾਂ ਬੋਲੀ" 'ਤੇ ਔਨਲਾਈਨ ਵੈਬੀਨਾਰ ਦੌਰਾਨ ਇਸ ਗੱਲ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਸੀ ਕਿ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ ਲੱਗਭੱਗ 90 ਫ਼ੀਸਦੀ ਉਹ ਲੋਕ ਸਨ, ਜਿਨ੍ਹਾਂ ਨੇ ਆਪਣੀ ਮਾਂ-ਬੋਲੀ ਵਿੱਚ ਆਪਣੀ ਸਿੱਖਿਆ ਪੂਰੀ ਕੀਤੀ ਸੀ।

ਦੂਜਾ ਤੱਥ ਇਲੈਕਟਰੀਕਲ ਇੰਜੀਨੀਅਰਿੰਗ ਦੀਆਂ ਬੁਨਿਆਦੀ ਇਕਾਈਆਂ ਵੋਲਟ, ਐਮਪੀਅਰ, ਵਾਟ ਅਤੇ ਓਹਮ ਨਾਲ ਜੁੜਿਆ ਹੋਇਆ ਹੈ। ਇਹ ਬੁਨਿਆਦੀ ਇਕਾਈਆਂ ਦੇ ਇਹ ਨਾਂਅ ਵੱਖ-ਵੱਖ ਵਿਗਿਆਨੀਆਂ ਦੇ ਨਾਵਾਂ 'ਤੇ ਹੀ ਰੱਖੇ ਹੋਏ ਹਨ। ਧਿਆਨਯੋਗ ਗੱਲ ਇੱਥੇ ਇਹ ਹੈ ਕਿ ਇਹਨਾਂ ਵਿਗਿਆਨੀਆਂ ਵਿੱਚੋਂ ਕੋਈ ਵੀ ਇੰਗਲੈਂਡ ਦਾ ਨਹੀਂ ਸੀ। ਜੇਮਜ਼ ਵਾਟ ਤੋਂ ਬਿਨਾਂ ਕਿਸੇ ਦੀ ਮਾਂ-ਬੋਲੀ ਵੀ ਅੰਗਰੇਜ਼ੀ ਨਹੀਂ ਸੀ।

ਐਲੇਸੰਦਰੋ ਵੋਲਟ ਇਟਾਲੀਅਨ ਸਨ, ਆਂਦਰੇ ਮੈਰੀ ਐਮਪੀਅਰ ਫਰਾਂਸੀਸੀ ਸਨ, ਜੇਮਜ਼ ਵਾਟ ਸਕਾਟਲੈਂਡ ਦੇ ਸਨ ਅਤੇ ਜਾਰਜ ਓਹਮ ਜਰਮਨ ਦੇ ਸਨ।

ਵਿਸ਼ਵ ਪੱਧਰ ਤੱਥਾਂ 'ਤੇ ਆਧਾਰਿਤ ਜਾਣੀਏ ਤਾਂ ਇਹ ਗੱਲ ਸਾਹਮਣੇ ਆਈ ਹੈ ਕਿ ਸਾਇੰਸ ਦੀ ਸਾਰੀ ਖੋਜ ਅਤੇ ਵਿਕਾਸ ਯੂਰਪ ਦੇ ਵੱਖ-ਵੱਖ ਖਿੱਤਿਆਂ ਅਤੇ ਬੋਲੀਆਂ ਵਿੱਚ ਨਾਲ-ਨਾਲ ਹੋਇਆ ਹੈ।

ਇਸੇ ਤਰ੍ਹਾਂ ਵਿਸ਼ਵੀਕਰਨ ਦੁਆਰਾ ਬਹੁਤ ਪ੍ਰਭਾਵਿਤ ਦੇਸ਼ਾਂ ਦੇ ਇੱਕ ਹੋਰ ਸਰਵੇਖਣ ਤੋਂ ਪਤਾ ਚੱਲਿਆ ਹੈ ਕਿ ਮਾਂ-ਬੋਲੀ ਨੂੰ ਮਹੱਤਵ ਦੇਣ ਵਾਲੇ ਮੁਲਕ ਪਹਿਲੇ 50 ਮੁਲਕਾਂ ਵਿੱਚ ਸ਼ਾਮਲ ਹਨ।

ਇਹ ਤੱਥ ਵੀ ਸਮਝਣਾ ਜ਼ਰੂਰੀ ਹੈ ਕਿ ਗਲੋਬਲ ਇਨੋਵੇਸ਼ਨ ਇੰਡੈਕਸ ਵਿੱਚ ਚੋਟੀ ਦੇ 40-50 ਦੇਸ਼ਾਂ ਵਿੱਚੋਂ 90 ਫ਼ੀਸਦੀ ਉਹ ਦੇਸ਼ ਹਨ, ਜਿਨ੍ਹਾਂ ਵਿੱਚ ਸਿੱਖਿਆ ਮਾਂ-ਬੋਲੀ ਰਾਹੀਂ ਦਿੱਤੀ ਗਈ ਸੀ।

ਆਓ ਹੁਣ ਰਬਿੰਦਰ ਨਾਥ ਟੈਗੋਰ ਦੇ ਮਾਂ-ਬੋਲੀ ਨਾਲ ਸੰਬੰਧਤ ਵਿਚਾਰ ਨੂੰ ਸਮਝੀਏ ਤੇ ਮਾਣ ਮਹਿਸੂਸ ਕਰੀਏ। ਉਹਨਾਂ ਕਿਹਾ ਸੀ ਕਿ ਜੋ ਸਕੂਨ ਮੈਨੂੰ ਆਪਣੀ ਮਾਂ-ਬੋਲੀ ਵਿੱਚ ਲਿਖ ਕੇ ਮਿਲਦਾ ਹੈ, ਉਹ ਕਿਸੇ ਹੋਰ ਭਾਸ਼ਾ ਵਿੱਚ ਲਿਖ ਕੇ ਨਹੀਂ ਮਿਲਦਾ। ਇਹ ਵਿਚਾਰ ਦੀ ਸਾਂਝ ਬਣਾਉਣ ਦਾ ਕਾਰਨ ਇੱਥੇ ਇਹ ਹੈ ਕਿ ਟੈਗੋਰ ਦੀ ਰਚਨਾ 'ਗੀਤਾਂਜਲੀ' ਜਿਸ ਨੂੰ ਨੋਬਲ ਪੁਰਸਕਾਰ ਮਿਲਿਆ ਹੈ, ਉਹ ਉਨ੍ਹਾਂ ਦੀ ਆਪਣੀ ਮਾਂ-ਬੋਲੀ 'ਬੰਗਾਲੀ' ਵਿੱਚ ਹੀ ਲਿਖੀ ਹੋਈ ਸੀ।

ਵੈਸੇ ਹੁਣ ਤੱਕ ਮਾਂ-ਬੋਲੀ ਦੇ ਮਹੱਤਵ ਨੂੰ ਪੜ੍ਹਦਿਆਂ ਤੇ ਸਮਝਦਿਆਂ ਆਪਣੀ ਮਾਂ-ਬੋਲੀ ਤੋਂ ਭਗੌੜੇ ਹੋਇਆਂ ਨੂੰ ਆਪਣੀ ਗਲਤੀ ਦਾ ਥੋੜ੍ਹਾ-ਬਹੁਤਾ ਅਹਿਸਾਸ ਤਾਂ ਹੋ ਚੁੱਕਾ ਹੋਵੇਗਾ। ਇੱਥੇ ਆਪਾਂ ਅੱਜ ਦੀ ਚਰਚਾ ਦੀ ਸਮਾਪਤੀ ਕਰੀਏ ਤਾਂ ਉਸ ਤੋਂ ਪਹਿਲਾਂ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਕੰਪੀਟੀਟਿਵਨੈਸ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਦੀ ਸਾਂਝ ਤੁਹਾਡੇ ਨਾਲ ਬਣਾਉਣੀ ਜ਼ਰੂਰੀ ਹੋ ਜਾਂਦੀ ਹੈ। ਸਰਵੇਖਣ ਅਨੁਸਾਰ ਇਹ ਗੱਲ ਸਾਹਮਣੇ ਆਈ ਹੈ ਕਿ ਸਿੱਖਿਆ ਦਾ ਮਾਧਿਅਮ ਪੰਜਾਬੀ ਰੱਖਣ ਵਾਲੇ ਵਿਦਿਆਰਥੀਆਂ ਦੀ ਗਲੋਬਲ ਮੁਹਾਰਤ ਬਾਕੀ ਸਾਰੇ ਭਾਰਤੀ ਵਿਦਿਆਰਥੀਆਂ ਨਾਲੋਂ ਵੱਧ ਹੈ। ਟਾਈਮਜ਼ ਆਫ ਇੰਡੀਆ ਵਿੱਚ ਛਪੀ ਰਿਪੋਰਟ ਅਨੁਸਾਰ ਭਾਰਤ ਦੇ 10,000 ਸਕੂਲਾਂ ਵਿੱਚ 20 ਵੱਖ-ਵੱਖ ਭਾਸ਼ਾਵਾਂ ਦੇ 86,000 ਪੜ੍ਹਾਕੂਆਂ 'ਤੇ ਇੱਕ ਸਰਵੇ ਕੀਤਾ ਗਿਆ। "ਸੈਕੰਡ ਸਟੇਟ ਆਫ ਫਾਊਂਡੇਸ਼ਨਲ ਲਿਟਰੇਸੀ ਐਂਡ ਨਿਊਮੇਰੇਸੀ 2022" ਨੇ ਜੋ ਰਿਪੋਰਟ ਜਾਰੀ ਕੀਤੀ ਗਈ, ਉਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੀਆਂ ਵੱਖੋ-ਵੱਖ ਭਾਸਾਵਾਂ 'ਤੇ ਕੀਤੇ ਸਰਵੇ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਪੰਜਾਬੀ ਮਾਧਿਅਮ ਨਾਲ ਪੜ੍ਹਨ ਵਾਲੇ ਵਿਦਿਆਰਥੀ ਦੂਜੀਆਂ ਭਾਸ਼ਾਵਾਂ ਦੇ ਮੁਕਾਬਲਤਨ ਕਾਫੀ ਅੱਗੇ ਹਨ, ਜਦਕਿ ਅੰਗਰੇਜ਼ੀ ਵਿਸ਼ੇ ਨਾਲ ਪੜ੍ਹਨ ਵਾਲੇ ਨਿਆਣੇ ਪੰਜਵੇਂ ਨੰਬਰ 'ਤੇ ਹਨ ਅਤੇ ਹਿੰਦੀ ਮਾਧਿਅਮ ਵਿੱਚ ਪੜ੍ਹਨ ਵਾਲਿਆਂ ਦਾ ਕਿਤੇ ਨਾਮੋ-ਨਿਸ਼ਾਨ ਤੱਕ ਨਹੀਂ।



ਸਟੈਨਫੋਰਡ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਪੰਜਾਬੀ ਵਿੱਚ ਪੜ੍ਹਨ ਵਾਲੇ 51% ਵਿਦਿਆਰਥੀ ਵਿਸ਼ਵ ਪੱਧਰ 'ਤੇ ਨਿਪੁੰਨਤਾ ਦੇ ਪੱਧਰ ਨੂੰ ਪਾਰ ਕਰਦੇ ਹਨ। ਹੋਰ ਮਾਧਿਅਮ ਵਿੱਚ ਪੜ੍ਹਨ ਵਾਲਿਆਂ ਵਿੱਚ ਬੰਗਾਲੀ, ਮਿਜ਼ੋਰਮ, ਉੜੀਆ, ਅੰਗਰੇਜ਼ੀ ਮਨੀਪੁਰੀ, ਤੇਲਗੂ ਵਾਲੇ 30% ਵਿਦਿਆਰਥੀ ਗਲੋਬਲ ਮੁਹਾਰਤ ਦੇ ਪੱਧਰ ਨੂੰ ਪੂਰਾ ਕਰਦੇ ਹਨ।

ਆਪਣੀ ਹੀ ਮਾਂ-ਬੋਲੀ ਨੂੰ ਬੇਦਾਵਾ ਲਿਖ ਕੇ ਜਾਣ ਵਾਲਿਓ ਇੱਕ ਗੱਲ ਚੇਤੇ ਰੱਖਣਾ ਤੁਹਾਨੂੰ ਖਿਦਰਾਣੇ ਵਾਲੀ ਢਾਬ ਵੀ ਨਹੀਂ ਲੱਭਣੀ। ਮਾਂ ਤੇ ਮਾਂ-ਬੋਲੀ ਨੂੰ ਜਿਉਂਦਿਆਂ ਰੱਖਣਾ ਇੱਕ ਸਾਊ ਪੁੱਤ ਦੀ ਪਹਿਲੀ ਜ਼ਿੰਮੇਵਾਰੀ ਹੁੰਦੀ ਹੈ। ਆਪਣੀ ਮਾਂ-ਬੋਲੀ ਦਾ ਮਾਣ ਲੈ ਕੇ ਦੁਨੀਆ ਦੇ ਕਿਸੇ ਵੀ ਮੁਲਕ 'ਚ ਚਲੇ ਜਾਇਓ, ਮਾਣ-ਸਨਮਾਨ ਮਿਲੇਗਾ ਹੀ ਮਿਲੇਗਾ। ਮਾਂ-ਬੋਲੀ ਨੂੰ ਵਿਸਾਰ ਕੇ ਤੁਹਾਡਾ ਆਪਣੇ ਘਰੋਂ ਪੁੱਟਿਆ ਪੈਰ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਦੀਆਂ ਜੜ੍ਹਾਂ ਪੁੱਟ ਸੁੱਟੇਗਾ।

**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ (ਬਰਨਾਲਾ)**

## ਪਾਠਕ-ਸੱਥ

### ਹਾਏ ! ਮਹਿੰਗਾਈ

ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ। ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ। ਦੋ ਸਮੇਂ ਦੀ ਰੋਟੀ ਦਾ ਹੀਲਾ-ਵਸੀਲਾ ਕਰਨਾ ਮੁਸ਼ਕਲ ਹੋ ਚੁੱਕਿਆ ਹੈ । ਕਰੋਨਾ ਮਹਾਂਮਾਰੀ ਨੇ ਦੇਸ਼ ਦੇ ਅਰਥਚਾਰੇ ਨੂੰ ਡੂੰਘੀ ਸੱਟ ਮਾਰੀ ਸੀ। ਚੰਗੀ ਤਰ੍ਹਾਂ ਗੱਡੀ ਅਜੇ ਮੁੜ ਲੀਹ 'ਤੇ ਨਹੀਂ ਆਈ। ਮਾਰਕੀਟ ਵਿੱਚ ਹਰ ਚੀਜ਼ ਅੱਗ ਦੇ ਭਾਅ ਵਿਕ ਰਹੀ ਹੈ। ਹਰੀਆਂ ਸਬਜ਼ੀਆਂ 'ਤੇ ਤਾਂ ਹੱਥ ਤੱਕ ਨਹੀਂ ਟਿਕਦਾ। ਪਿਛਲੇ ਮਹੀਨੇ ਟਮਾਟਰ 400 ਰੁਪਏ ਕਿੱਲੋ ਤੱਕ ਵਿਕਿਆ। ਅੱਜ ਵੀ ਟਮਾਟਰ 100 ਰੁਪਏ ਕਿਲੋ ਵਿਕ ਰਿਹਾ ਹੈ। 45 ਰੁਪਏ ਕਿੱਲੋ ਪਿਆਜ਼ ਦੀ ਅੱਜ ਕੀਮਤ ਹੈ। ਦਿਨੋਂ-ਦਿਨੀਂ ਰੇਟ ਵਧ ਰਹੇ ਹਨ। ਇੱਕ ਤਰ੍ਹਾਂ ਨਾਲ ਘਰੇਲੂ ਰਸੋਈ ਦਾ ਬਜਟ ਹਿਲ ਚੁੱਕਾ ਹੈ। ਕੁਝ ਦਿਨਾਂ ਬਾਅਦ ਤਿਉਹਾਰ ਸ਼ੁਰੂ ਹੋਣ ਵਾਲੇ ਹਨ। ਇਹ ਤਾਂ ਹੁਣ ਘਰ ਦੇ ਮੁਖੀ ਨੂੰ ਹੀ ਪਤਾ ਹੋਣਾ ਕਿ ਕਿਸ ਤਰ੍ਹਾਂ ਉਹ ਏਨੀ ਮਹਿੰਗਾਈ ਵਿਚ ਆਪਣੇ ਘਰ ਦਾ ਗੁਜ਼ਾਰਾ ਕਰਦਾ ਹੋਣਾ। ਕਿਹੋ ਜਿਹਾ ਸਮਾਂ ਆ ਗਿਆ ਕਿ ਬੰਦਾ ਏਨੀ ਮਹਿੰਗਾਈ ਵਿੱਚ ਦਿਲ ਖੋਲ੍ਹ ਕੇ ਖਰਚ ਵੀ ਨਹੀਂ ਕਰ ਸਕਦਾ। ਘਰ ਵਿਚ ਵਰਤੋਂ ਵਾਲੀ ਹਰ ਚੀਜ਼ ਮਹਿੰਗੀ ਹੋ ਚੁੱਕੀ ਹੈ । ਕਿਸੇ ਚੀਜ ਬਿਨਾਂ ਸਰਦਾ ਨਹੀ। ਇਸੇ ਤਰ੍ਹਾਂ ਦਾਲਾਂ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਸਰ੍ਹੋਂ ਦੇ ਤੇਲ, ਰਿਫਾਇੰਡ ਦੀਆਂ ਕੀਮਤਾਂ ਵੀ ਵੱਧ ਹਨ। ਜੋ ਘਰੇਲੂ ਰਸੋਈ ਵਿੱਚ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਦੀ ਕੀਮਤ ਵੀ 1100 ਦੇ ਉੱਪਰ ਹੈ।

ਅਕਸਰ ਜਦੋਂ ਬਰਸਾਤ ਦਾ ਮੌਸਮ ਹੁੰਦਾ ਹੈ ਤਾਂ ਮਹਿੰਗਾਈ ਬੇਲਗਾਮ ਹੋ ਜਾਂਦੀ ਹੈ। ਵਿਚਾਰਨ ਵਾਲੀ ਗੱਲ ਹੈ ਕਿ ਜਿਸ ਪਰਵਾਰ ਵਿਚ ਕਮਾਉਣ ਵਾਲਾ ਇੱਕ ਬੰਦਾ ਤੇ ਖਾਣ ਵਾਲੇ ਪੰਜ ਹੋਣ ਤਾਂ ਉਹ ਕਿਸ ਤਰ੍ਹਾਂ ਆਪਣੇ ਪਰਵਾਰ ਦਾ ਗੁਜ਼ਾਰਾ ਕਰਦੇ ਹੋਣਗੇ। ਜੋ ਜ਼ਰੂਰਤਮੰਦ ਚੀਜ਼ਾਂ ਹਨ, ਉਨ੍ਹਾਂ ਨੂੰ ਸਸਤਾ ਕਰਨਾ ਚਾਹੀਦਾ ਹੈ। ਸਰਕਾਰ ਨੂੰ ਮਹਿੰਗਾਈ ਨੂੰ ਰੋਕਣ ਲਈ ਠੋਸ ਨੀਤੀ ਘੜਨੀ ਚਾਹੀਦੀ ਹੈ। ਚੰਗੀਆਂ ਨੀਤੀਆਂ ਲਿਆ ਕੇ ਮਹਿੰਗਾਈ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ। ਸੂਬਾ ਸਰਕਾਰਾਂ ਨੂੰ ਵੀ ਕੇਂਦਰ ਸਰਕਾਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨਾ ਚਾਹੀਦਾ ਹੈ, ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਕੁਝ ਨਿਜਾਤ ਮਿਲ ਸਕੇ। ਜੋ ਬੁਨਿਆਦੀ ਲੋੜਾਂ ਹਨ, ਉਹ ਹਰ ਇਨਸਾਨ ਦੀਆਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਸਰਕਾਰ ਦੀ ਇਹ ਬਹੁਤ ਵੱਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ।

*-ਸੰਜੀਵ ਸਿੰਘ ਸੈਣੀ, ਮੋਹਾਲੀ 78889-66168*

# ਕਿਸਾਨ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦੇ ਵਿਰੋਧ 'ਚ ਟੋਲ ਪਲਾਜ਼ਾ ਘੇਰਿਆ



ਟੋਲ ਪਲਾਜਾ 'ਤੇ ਧਰਨਾ ਦਿੰਦੇ ਹੋਏ ਕਿਸਾਨ-ਮਜ਼ਦੂਰ ਸੰਘਰਸ ਕਮੇਟੀ ਦੇ ਅਹੁਦੇਦਾਰ।

**ਮੱਖੂ (ਰਛਪਾਲ ਸਿੰਘ ਸੰਧੂ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਮਖੂ-ਮੋਗਾ ਰੋਡ 'ਤੇ ਪਿੰਡ ਪੀਰ ਮੁਹੰਮਦ ਦੇ ਨਜ਼ਦੀਕ ਟੋਲ ਪਲਾਜੇ 'ਤੇ ਧਰਨਾ ਲਗਾ ਕੇ ਲੋਕਾਂ ਲਈ ਟੋਲ ਫ੍ਰੀ ਕਰ ਦਿੱਤਾ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫੱਤੇਵਾਲਾ, ਜ਼ਿਲ੍ਹਾ ਖਜ਼ਾਨਚੀ ਰਣਜੀਤ ਸਿੰਘ, ਸੁਰਜੀਤ ਸਿੰਘ ਬਸਤੀ ਰਾਮ ਲਾਲ ਤੇ ਹਰਫੂਲ ਸਿੰਘ ਨੇ ਕਿਹਾ ਕਿ ਉੱਤਰ ਭਾਰਤ ਦੀਆਂ 16 ਕਿਸਾਨ ਜਥੇਬੰਦੀਆਂ ਵੱਲੋਂ 22 ਅਗਸਤ ਨੂੰ ਚੰਡੀਗੜ੍ਹ ਵਿਖੇ ਹੜ੍ਹਾਂ ਦੇ ਨੁਕਸਾਨ, 23 ਫਸਲਾਂ 'ਤੇ ਐੱਮ ਐੱਸ ਪੀ ਗਰੰਟੀ ਕਨੂੰਨ, ਦਿੱਲੀ ਅੰਦੋਲਨ ਦੌਰਾਨ ਪਾਏ ਪਰਚਿਆਂ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ ਜਾ ਰਿਹਾ ਸੀ, ਜਿਸ ਦੇ ਸਬੰਧ 'ਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਅਗਸਤ ਨੂੰ ਚਾਲੇ ਪਾਉਣ ਦਾ ਐਲਾਨ ਕੀਤਾ ਸੀ, ਪਰ ਉਸ ਤੋਂ ਪਹਿਲਾਂ ਹੀ ਕਿਸਾਨ ਆਗੂਆਂ ਦੀਆਂ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਪੁਲਸ ਵੱਲੋਂ ਤੜਕੇ 4 ਵਜੇ ਤੋਂ ਛਾਪੇਮਾਰੀ ਕਰਕੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸਰਵਨ ਸਿੰਘ ਪੰਧੇਰ ਤੇ ਹੋਰ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਇੰਦਰਜੀਤ ਸਿੰਘ ਸਿੰਘ ਬਾਠ, ਸੀਨੀਅਰ ਮੀਤ ਪ੍ਰਧਾਨ ਧਰਮ ਸਿੰਘ ਸਿੱਧੂ ਤੇ ਹੋਰ ਆਗੂ ਵੀ ਗ੍ਰਿਫਤਾਰ ਕੀਤੇ ਹਨ, ਜਿਸ ਦੇ ਵਿਰੋਧ ਵਿੱਚ ਮਖੂ-ਮੋਗਾ ਰੋਡ 'ਤੇ ਪੀਰ ਮੁਹੰਮਦ ਦੇ ਨਜ਼ਦੀਕ ਲੱਗੇ ਟੋਲ ਪਲਾਜਾ 'ਤੇ ਧਰਨਾ ਲਗਾ ਕੇ ਲੋਕਾਂ ਲਈ ਟੋਲ ਫ੍ਰੀ ਕਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੇਂਦਰ ਸਰਕਾਰ ਨਾਲ ਮਿਲੀ ਭੁਗਤ ਦੀ ਨੀਤੀ ਜੱਗ ਜ਼ਾਹਰ ਹੋ ਗਈ ਹੈ। ਹੜ੍ਹ ਪੀੜਤਾਂ ਦੇ ਹੱਕਾਂ ਦੀ ਅਵਾਜ਼ ਨੂੰ ਦਬਾਉਣ ਵਾਸਤੇ ਇਹ ਹਰਕਤ ਕੀਤੀ ਜਾ ਰਹੀ ਹੈ। ਜੇਕਰ ਗ੍ਰਿਫਤਾਰ ਕੀਤੇ ਆਗੂ ਰਿਹਾਅ ਨਾ ਕੀਤੇ ਤਾਂ 16 ਜਥੇਬੰਦੀਆਂ ਵੱਲੋਂ ਤਿੱਖੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਕੇਂਦਰ ਤੇ ਪੰਜਾਬ ਸਰਕਾਰ ਹੋਵੇਗੀ। ਖਬਰ ਲਿਖੇ ਜਾਣ ਤੱਕ ਕਿਸਾਨਾਂ ਦਾ ਟੋਲ ਪਲਾਜੇ 'ਤੇ ਧਰਨਾ ਜਾਰੀ ਸੀ। ਇਸ ਮੌਕੇ ਮੱਸਾ ਸਿੰਘ, ਸਾਹਬ ਸਿੰਘ ਦੀਨੇਕੇ, ਗੁਰਮੁੱਖ ਸਿੰਘ ਕਾਮਲਵਾਲਾ, ਬਚਿੱਤਰ ਸਿੰਘ ਕੁਤਬਦੀਨ ਵਾਲਾ, ਜ਼ੋਨ ਪ੍ਰਧਾਨ ਵੀਰ ਸਿੰਘ, ਲਖਵਿੰਦਰ ਸਿੰਘ ਬਸਤੀ ਨਾਮਦੇਵ, ਕਮਲਜੀਤ ਸਿੰਘ, ਬਲਕਾਰ ਸਿੰਘ, ਕੇਵਲ ਸਿੰਘ ਵਾਹਕਾ, ਹਰਨੇਕ ਸਿੰਘ ਭੁੱਲਰ, ਟਹਿਲ ਸਿੰਘ, ਸਲਵਿੰਦਰ ਸਿੰਘ, ਚਰਨਜੀਤ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

# ਚੋਰ ਦਿਨ-ਦਿਹਾੜੇ ਘਰ 'ਚੋਂ ਐਕਟਿਵਾ ਚੋਰੀ ਕਰਕੇ ਫਰਾਰ



ਸੀ. ਸੀ. ਟੀ. ਵੀ. 'ਚ ਚੋਰ ਐਕਟਿਵਾ ਚੋਰੀ ਕਰਕੇ ਲਿਜਾਂਦਾ ਹੋਇਆ।

**ਜ਼ੀਰਾ (ਨਰਿੰਦਰ ਅਨੇਜਾ)**-ਜ਼ੀਰਾ ਤੇ ਆਸ ਪਾਸ ਦੇ ਇਲਾਕਿਆਂ ਵਿੱਚ ਨਿੱਤ ਦਿਹਾੜੇ ਵਾਪਰ ਰਹੀਆਂ ਵਾਰਦਾਤਾਂ ਨੇ ਜ਼ੀਰਾ ਵਾਸੀਆਂ ਦਾ ਜਿਓਣਾ ਦੁੱਭਰ ਕਰ ਦਿੱਤਾ ਹੈ। ਚੋਰਾਂ ਦੇ ਹੌਸਲੇ ਇਸ ਕਦਰ ਬੁਲੰਦ ਹਨ ਕਿ ਜ਼ੀਰਾ ਇਲਾਕੇ ਵਿੱਚੋਂ ਦਿਨ-ਦਿਹਾੜੇ ਲੁੱਟਾਂ ਖੋਹਾਂ ਤੇ ਮੋਟਰਸਾਈਕਲ, ਐਕਟਿਵਾ ਚੋਰੀ ਦੀਆਂ ਘਟਨਾ ਨੂੰ ਅੰਜਾਮ ਦੇ ਰਹੇ ਹਨ, ਪਰ ਪੁਲਸ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਇਕ ਮਹੀਨਾ ਪਹਿਲਾਂ ਨੀਲਮ ਰਾਣੀ ਪਤਨੀ ਸੁਭਾਸ਼ ਚੰਦਰ ਮੱਲੋ ਕੇ ਰੋਡ ਤੋਂ ਰਾਤ ਨੂੰ ਚੋਰ 3 ਤੋਲਾ ਸੋਨਾ ਤੇ ਚਾਰ ਲੱਖ ਰੁਪਏ ਲੈ ਕੇ ਫਰਾਰ ਹੋ ਗਏ ਸਨ। ਨੀਲਮ ਰਾਣੀ ਨੇ ਦੱਸਿਆ ਕਿ ਇਹ ਪੈਸੇ ਉਸ ਨੇ ਆਪਣੇ ਬੇਟੇ ਦਾ ਕਿਡਨੀ ਦਾ ਆਪ੍ਰੇਸ਼ਨ ਕਰਵਾਉਣ ਲਈ ਘਰ 'ਚ ਰੱਖੇ ਸੀ, ਹੁਣ ਉਹ ਆਪਣੇ ਬੇਟੇ ਦਾ ਕਿਡਨੀ ਦਾ ਆਪ੍ਰੇਸ਼ਨ ਕਿਵੇਂ ਕਰਵਾਉਣਗੇ? ਇਹ ਮਾਮਲਾ ਅਜੇ ਪੁਲਸ ਕੋਲੋਂ ਸੁਲਝਿਆ ਨਹੀਂ ਕਿ ਅੱਜ ਦਿਨ ਦਿਹਾੜੇ ਮੁਹੱਲਾ ਮਲੀਆਂ ਗੁੱਗਾ ਮੰਦਰ ਦੀ ਬੈਕਸਾਈਡ ਜ਼ੀਰਾ ਐਡਵੋਕੇਟ ਗੁਰਵੀਰ ਸਿੰਘ ਮਹਿਲਾਂ ਵਾਲੇ ਦੇ ਘਰੋਂ ਐਕਟਿਵਾ ਚੋਰੀ ਕਰਕੇ ਲੈ ਗਏ। ਸੀ. ਸੀ. ਟੀ. ਵੀ. ਫੁਟੇਜ ਵਿੱਚ ਚੋਰਾਂ ਦੀ ਹਿੰਮਤ ਦੇਖੋ ਕਿ ਸਰੇਆਮ ਐਕਟਿਵਾ ਲੈ ਕੇ ਜਾ ਰਹੇ ਹਨ, ਚੋਰਾਂ ਦੀ ਦਲੇਰੀ ਦੇਖੋ ਕਿ ਉਨ੍ਹਾਂ ਨੇ ਆਪਣਾ ਮੂੰਹ ਵੀ ਨਹੀਂ ਬੰਨ੍ਹਿਆ ਹੋਇਆ ਹੈ। ਇੰਨੀਆਂ ਘਟਨਾਵਾਂ ਦੇ ਬਾਵਜੂਦ ਪੁਲਸ ਚੋਰਾਂ ਪ੍ਰਤੀ ਵਿਖਾਈ ਜਾ ਰਹੀ 'ਦਿਆਲਤਾ' ਜ਼ੀਰਾ ਨਿਵਾਸੀਆਂ ਦੇ ਸਮਝੋਂ ਬਾਹਰ ਹੈ। ਨਿੱਤ ਦਿਹਾੜੇ ਇੰਨੀਆਂ ਘਟਨਾਵਾਂ ਹੋਣ ਦੇ ਬਾਵਜੂਦ ਕੀ ਹੁਣ ਵੀ ਪੁਲਸ ਚੋਰਾਂ ਲੁਟੇਰਿਆਂ ਹਮਲਾਵਰਾਂ ਖਿਲਾਫ ਕੋਈ ਸਖਤ ਕਦਮ ਉਠਾਏਗੀ ਜਾਂ ਪਹਿਲਾਂ ਕੇਸਾਂ ਵਾਂਗ ਐਡਵੋਕੇਟ ਗੁਰਵੀਰ ਸਿੰਘ ਦੀ ਦਰਖਾਸਤ ਵੀ ਪੁਲਸ ਥਾਣੇ 'ਚ ਧੂਲ ਫੱਕਦੀ ਨਜ਼ਰ ਆਵੇਗੀ?

# ਦੋ ਪਾਕਿਸਤਾਨੀ 29.2 ਕਿੱਲੋਗ੍ਰਾਮ ਹੈਰੋਇਨ ਸਣੇ ਗ੍ਰਿਫ਼ਤਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਪੁਲਸ ਨੇ ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਪਾਕਿਸਤਾਨ ਵੱਲੋਂ ਸਰਹੱਦ ਪਾਰ ਚਲਾਏ ਜਾ ਰਹੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਵੱਡਾ ਝਟਕਾ ਦਿੰਦਿਆਂ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ ਦੇ 26 ਪੈਕੇਟ ਬਰਾਮਦ ਕੀਤੇ, ਜਿਨ੍ਹਾਂ ਦਾ ਵਜ਼ਨ 29.2 ਕਿਲੋਗ੍ਰਾਮ ਹੈ।ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮੁਹੰਮਦ ਅਜਮਲ ਰਿਆਨ ਵਾਸੀ ਪਿੰਡ ਕੰਗਣਪੁਰ ਜ਼ਿਲ੍ਹਾ ਕਸੂਰ, ਪੰਜਾਬ, ਪਾਕਿਸਤਾਨ ਅਤੇ ਸਿਵਨਾ ਵਾਸੀ ਪਿੰਡ ਅਲੀਪੁਰ, ਜ਼ਿਲ੍ਹਾ ਕਸੂਰ, ਪੰਜਾਬ, ਪਾਕਿਸਤਾਨ ਵਜੋਂ ਹੋਈ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੌਰਾਨ ਪੰਜਾਬ ਪੁਲਿਸ ਵੱਲੋਂ ਬਰਾਮਦ ਕੀਤੀ ਗਈ ਹੈਰੋਇਨ ਦੀ ਇਹ ਅੱਠਵੀਂ ਵੱਡੀ ਖੇਪ ਹੈ, ਜਿਸ ਨਾਲ ਸਿਰਫ਼ 20 ਦਿਨਾਂ ਵਿੱਚ ਹੀ ਹੈਰੋਇਨ ਦੀ ਕੁੱਲ ਬਰਾਮਦਗੀ 142 ਕਿੱਲੋ ਹੋ ਗਈ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀ ਆਈ) ਲੁਧਿਆਣਾ ਤੇ ਸੀ ਆਈ ਫਿਰੋਜ਼ਪੁਰ ਨੇ ਬੀ ਐੱਸ ਐੱਫ ਨਾਲ ਮਿਲ ਕੇ ਫਿਰੋਜ਼ਪੁਰ ਦੇ ਪਿੰਡ ਗਜ਼ਨੀਵਾਲਾ ਦੇ ਖੇਤਰ ਵਿੱਚ ਇੱਕ ਸਾਂਝਾ ਆਪ੍ਰੇਸ਼ਨ ਚਲਾ ਕੇ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ।ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਨਾਲ ਹੋਈ ਗੋਲੀਬਾਰੀ ਵਿੱਚ ਇੱਕ ਪਾਕਿਸਤਾਨੀ ਨਾਗਰਿਕ ਦੇ ਸੱਜੀ ਬਾਂਹ ਵਿੱਚ ਗੋਲੀ ਲੱਗੀ ਤੇ ਉਸ ਨੂੰ ਇਲਾਜ ਲਈ ਮਮਦੋਟ ਬੀ ਐੱਸ ਐੱਫ ਹਸਪਤਾਲ ਲਿਜਾਇਆ ਗਿਆ।ਸਪੈਸ਼ਲ ਡੀਜੀਪੀ ਅੰਦਰੂਨੀ ਸੁਰੱਖਿਆ ਆਰ. ਐੱਨ. ਢੋਕੇ ਨੇ ਦੱਸਿਆ ਕਿ ਅੰਦਰੂਨੀ ਸੁਰੱਖਿਆ ਵਿੰਗ ਨੇ 1 ਜਨਵਰੀ 2023 ਤੋਂ ਹੁਣ ਤੱਕ 193 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਏ ਆਈ ਜੀ ਸੀ ਆਈ ਲੁਧਿਆਣਾ ਸਿਮਰਤਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਸਰਹੱਦ ਪਾਰੋਂ ਭਾਰੀ ਮਾਤਰਾ ਵਿੱਚ ਹੈਰੋਇਨ ਦੀ ਆਮਦ ਹੋਣ ਸਬੰਧੀ ਮਿਲੀ ਭਰੋਸੇਮੰਦ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਦੋ ਪਾਕਿਸਤਾਨੀ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 29.2 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ।ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਹੋਰ ਗ੍ਰਿਫਤਾਰੀਆਂ ਹੋਣ ਦੀ ਉਮੀਦ ਹੈ। ਏ ਆਈ ਜੀ ਸੀ ਆਈ ਫਾਜ਼ਿਲਕਾ ਲਖਬੀਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਫਾਜ਼ਿਲਕਾ ਵਿਖੇ ਐੱਫ ਆਈ ਆਰ ਦਰਜ ਕੀਤੀ ਗਈ ਹੈ।ਉਨ੍ਹਾ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

# ਕਾਂਗਰਸ ਪਾਰਟੀ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰੇਗੀ : ਕਾਕਾ ਰਣਦੀਪ ਸਿੰਘ

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**



ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਛੱਤੀਸਗੜ੍ਹ, ਮੱਧ ਪ੍ਰਦੇਸ ਅਤੇ ਹੋਰ ਵੱਖ-ਵੱਖ ਸੂਬਿਆਂ ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਸ਼ਾਨਦਾਰ ਜਿੱਤਾਂ ਹਾਸਲ ਕਰਨਗੇ ਅਤੇ ਲੋਕਾਂ ਵਿੱਚ ਵੀ ਕਾਂਗਰਸ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇਸ ਵਿਚੋਂ ਮਹਿੰਗਾਈ ਉਤੇ ਕਾਬੂ ਪਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ, ਜਿਸ ਕਰਕੇ ਮੋਦੀ ਸਰਕਾਰ ਤੋਂ ਭਾਰਤ ਵਾਸੀਆਂ ਦਾ ਮੋਹ ਭੰਗ ਹੋ ਚੁੱਕਾ ਹੈ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ ਵਾਸੀ ਮੋਦੀ ਸਰਕਾਰ ਨੂੰ ਚੱਲਦਾ ਕਰਨ ਦਾ ਮਨ ਬਣਾ ਚੁੱਕੇ ਹਨ। ਉਨ੍ਹਾਂ ਪੰਜਾਬ ਦੀ ਗੱਲ ਕਰਦਿਆਂ ਕਿਹਾ ਕਿ ਜਿਹੜਾ ਵਿਕਾਸ ਪੰਜਾਬ ਵਿੱਚ ਪਿਛਲੀ ਕਾਂਗਰਸ ਸਰਕਾਰ ਵੱਲੋਂ ਕਰਾਇਆ ਗਿਆ ਹੈ, ਉਹ ਹੋਰ ਸਰਕਾਰਾਂ ਨਹੀਂ ਕਰਾ ਸਕੀਆਂ ਅਤੇ ਅੱਜ ਪੰਜਾਬ ਵਾਸੀ ਕਾਂਗਰਸ ਪਾਰਟੀ ਦੇ ਰਾਜ ਨੂੰ ਯਾਦ ਕਰਨ ਲੱਗੇ ਹਨ।

# ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ ਸੰਪੰਨ

■ ਰਮਨ ਧਰਮੂਵਾਲਾ ਜ਼ਿਲ੍ਹਾ ਪ੍ਰਧਾਨ ਤੇ ਸਟਾਲਿਨ ਜ਼ਿਲ੍ਹਾ ਸਕੱਤਰ ਚੁਣੇ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ) ਜ਼ਿਲ੍ਹਾ ਫਾਜ਼ਿਲਕਾ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ ਸਥਾਨਕ ਸੁਤੰਤਰ ਭਵਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਭਰ ਦੇ ਵੱਖ ਵੱਖ ਵਿੱਦਿਅਕ ਅਦਾਰਿਆਂ ਵਿੱਚੋਂ ਚੁਣੇ ਹੋਏ ਡੈਲੀਗੇਟ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਡੈਲੀਗੇਟ ਅਜਲਾਸ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਰਮਨ ਧਰਮੂ ਵਾਲਾ, ਲੜਕੀਆਂ ਦੀ ਸੂਬਾ ਕੋ-ਕਨਵੀਨਰ ਸੰਜਨਾ ਢਾਬਾਂ, ਅਵਰਿੰਦਰ ਢਾਬਾਂ, ਅਵਨਪ੍ਰੀਤ ਤੋਤਿਆਂ ਵਾਲਾ ਤੇ ਅਮ੍ਰਿਤ ਕੌਰ ਕਾਠਗੜ੍ਹ ਨੇ ਕੀਤੀ। ਇਸ ਮੌਕੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਲਵਪ੍ਰੀਤ ਮਾੜੀਮੇਘਾ ਬਤੌਰ ਆਬਜ਼ਰਵਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਡੈਲੀਗੇਟ ਅਜਲਾਸ ਦਾ ਉਦਘਾਟਨ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸੁਰਿੰਦਰ ਢੰਡੀਆਂ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਤੁਸੀਂ ਦੇਸ ਦੇ ਸੁਨਹਿਰੀ ਭਵਿੱਖ ਨੂੰ ਉਸਾਰਨ ਲਈ ਅਦਾ ਕਰੋਗੇ। ਇਸ ਮੌਕੇ ਭਰਾਤਰੀ ਸੰਦੇਸ਼ ਦੇਣ ਲਈ ਭਰਾਤਰੀ ਜਥੇਬੰਦੀ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਸੂਬਾ ਸਕੱਤਰ ਐਡਵੋਕੇਟ ਚਰਨਜੀਤ ਛਾਂਗਾਰਾਏ ਵੀ ਹਾਜ਼ਰ ਹੋਏ। ਇਸ ਦੇ ਨਾਲ ਹੀ ਰੁਜ਼ਗਾਰ ਪ੍ਰਾਪਤੀ ਮੁਹਿੰਮ ਜ਼ਿਲ੍ਹਾ ਫਾਜ਼ਿਲਕਾ ਦੇ ਮੁੱਖ ਸਲਾਹਕਾਰ ਸਾਥੀ ਹੰਸ ਰਾਜ ਗੋਲਡਨ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀ ਵਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਭਾਰਤ ਦੀ ਪਹਿਲੀ ਵਿਦਿਆਰਥੀ ਜਥੇਬੰਦੀ ਹੈ, ਜੋ 1936 ਵਿੱਚ ਬਣੀ ਤੇ ਦੇਸ਼ ਦੀ ਆਜ਼ਾਦੀ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਏ ਆਈ ਐੱਸ ਐੱਫ ਨੇ ਦੇਸ਼ ਨੂੰ ਬਿਹਤਰੀਨ ਲੀਡਰ ਤੇ ਮਹਾਨ ਸ਼ਖ਼ਸੀਅਤਾਂ ਪੈਦਾ ਕੀਤੀਆਂ, ਜਿਨ੍ਹਾਂ ਨੇ ਸਮਾਜ ਨੂੰ ਖ਼ੁਸ਼ਹਾਲ ਬਣਾਉਣ ਵਾਸਤੇ ਯੋਗਦਾਨ ਪਾਇਆ। ਏ ਆਈ ਐੱਸ ਐੱਫ ਤੇ ਏ ਆਈ ਵਾਈ ਐੱਫ ਨੇ ਬਨੇਗਾ (ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ) ਬਣਾਉਣ ਦੇ ਲਈ ਦੇਸ਼ ਪੱਧਰ ਦਾ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ, ਜਿਸ ਨਾਲ ਹਰ ਇੱਕ ਨੂੰ ਉਸ ਦੀ ਯੋਗਤਾ ਮੁਤਾਬਕ ਕੰਮ ਦੀ ਗਰੰਟੀ ਹੋਵੇ।

ਇਸ ਮੌਕੇ 21 ਮੈਂਬਰੀ ਜ਼ਿਲ੍ਹਾ ਕਮੇਟੀ ਤੇ 9 ਮੈਂਬਰੀ ਜ਼ਿਲ੍ਹਾ ਸਕੱਤਰੇਤ ਚੁਣੀ ਗਈ ਅਤੇ ਰਮਨ ਧਰਮੂ ਵਾਲਾ ਨੂੰ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ, ਸਟਾਲਿਨ ਲਮੋਚੜ ਨੂੰ ਜ਼ਿਲ੍ਹਾ ਸਕੱਤਰ, ਅਵਨਪ੍ਰੀਤ ਤੋਤਿਆਂ ਵਾਲਾ ਨੂੰ ਸੀਨੀਅਰ ਮੀਤ ਪ੍ਰਧਾਨ, ਸੰਜਨਾ ਢਾਬਾਂ ਨੂੰ ਜ਼ਿਲ੍ਹਾ ਮੀਤ ਸਕੱਤਰ, ਅਮ੍ਰਿਤਾ ਕਾਠਗੜ੍ਹ ਨੂੰ ਮੀਤ ਸਕੱਤਰ, ਰਿਸ਼ਵ, ਹਰਮਨ ਦੋਨਾ ਨਾਨਕਾ ਮੀਤ ਪ੍ਰਧਾਨ, ਨੀਰਜ ਫਾਜ਼ਿਲਕਾ ਮੀਤ ਪ੍ਰਧਾਨ ਤੇ ਅਵਰਿੰਦਰ ਢਾਬਾਂ ਨੂੰ ਜ਼ਿਲ੍ਹਾ ਖਜ਼ਾਨਚੀ ਚੁਣਿਆ ਗਿਆ। ਇਸ ਤੋਂ ਇਲਾਵਾ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਜ਼ਿਲ੍ਹਾ ਫਾਜ਼ਿਲਕਾ ਦੇ ਮੁੱਖ ਸਲਾਹਕਾਰ ਸਾਥੀ ਹੰਸ ਰਾਜ ਗੋਲਡਨ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸੁਰਿੰਦਰ ਢੰਡੀਆਂ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀ ਵਾਲਾ ਨੇ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਟੀਮ ਆਉਣ ਵਾਲੇ ਸਮੇਂ ਵਿੱਚ ਪੂਰੇ ਜ਼ਿਲ੍ਹੇ ਦੇ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀ ਮੰਗਾਂ ਨੂੰ ਲੈ ਕੇ ਪੂਰੀ ਸਰਗਰਮੀ ਨਾਲ ਕੰਮ ਕਰੇਗੀ। ਇਸ ਤੋਂ ਇਲਾਵਾ ਸਨਮ ਬਗੇਕਾ, ਲਵਪ੍ਰੀਤ ਬਗੇਕਾ, ਅੰਗਰੇਜ ਕਾਹਨੇਵਾਲਾ ਆਦਿ ਹਾਜ਼ਰ ਸਨ।

# ਖੇਤ ਮਜ਼ਦੂਰਾਂ ਵੱਲੋਂ ਮੰਗਾਂ ਨੂੰ ਲੈ ਕੇ ਡੀ ਸੀ ਦਫਤਰ ਅੱਗੇ ਧਰਨਾ

## ਨਸ਼ਿਆਂ ਤੋਂ ਪੀੜਤ ਲੋਕਾਂ ਦੇ ਇਲਾਜ ਤੇ ਮੁੜ-ਵਸੇਬੇ ਦੀ ਕੀਤੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਦੇਣ, ਮਜ਼ਦੂਰਾਂ ਨੂੰ ਸਹਿਕਾਰੀ ਸਭਾਵਾਂ ਦੇ ਮੈਂਬਰ ਬਣਾ ਕੇ ਸਸਤੇ ਕਰਜ਼ੇ ਦੇਣ, ਮਕਾਨ ਉਸਾਰੀ ਲਈ ਗ੍ਰਾਂਟਾਂ ਜਾਰੀ ਕਰਨ, ਅੰਦੋਲਨਾਂ ਦੌਰਾਨ ਮਜ਼ਦੂਰਾਂ, ਕਿਸਾਨਾਂ 'ਤੇ ਬਣੇ ਕੇਸ ਵਾਪਸ ਲੈਣ ਤੇ ਨਸ਼ਿਆਂ ਨੂੰ ਨੱਥ ਪਾਉਣ ਆਦਿ ਮੰਗਾਂ ਨੂੰ ਲੈ ਕੇ ਜ਼ਿਲ੍ਹੇ ਦੇ ਸੈਂਕੜੇ ਖੇਤ ਮਜ਼ਦੂਰ ਮਰਦ ਔਰਤਾਂ ਵੱਲੋਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦਫਤਰ ਅੱਗੇ ਦਿਨ-ਰਾਤ ਦਾ ਧਰਨਾ ਸ਼ੁਰੂ ਕਰ ਦਿੱਤਾ ਗਿਆ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਸਾਉਂਕੇ ਨੇ ਦੋਸ਼ ਲਾਇਆ ਕਿ ਬਦਲਾਅ ਦਾ ਝਾਂਸਾ ਦੇ ਕੇ ਸੱਤਾ 'ਚ ਆਈ ਆਪ ਸਰਕਾਰ ਨੇ ਮਜ਼ਦੂਰ ਵਰਗ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜ਼ਿਲ੍ਹੇ ਦੇ ਸੈਂਕੜੇ ਮਜ਼ਦੂਰ ਪਰਿਵਾਰਾਂ ਨੂੰ ਮਕਾਨ ਉਸਾਰੀ ਲਈ ਪਾਸ ਕੀਤੀ ਗਰਾਂਟ ਦੀ ਇੱਕ ਕਿਸ਼ਤ ਜਾਰੀ ਕਰਨ ਤੋਂ ਬਾਅਦ ਬਾਕੀ ਕਿਸ਼ਤਾਂ ਜਾਰੀ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਕੁੱਝ ਪਰਿਵਾਰਾਂ ਨੇ ਮਹਿੰਗੇ ਵਿਆਜ 'ਤੇ ਕਰਜ਼ਾ ਚੁੱਕ ਕੇ ਮਕਾਨਾਂ ਦੀ ਛੱਤ ਪਾ ਲਈ, ਜਦੋਂ ਕਿ ਅਨੇਕਾਂ ਪਰਿਵਾਰਾਂ ਦੇ ਮਕਾਨ ਅੱਧ ਵਿਚਕਾਰ ਖੜੇ ਹਨ। ਉਨ੍ਹਾਂ ਆਖਿਆ ਕਿ ਜ਼ਿਲ੍ਹੇ ਦੇ ਪਿੰਡ ਖੁੰਡੇ ਹਲਾਲ, ਚਿੱਬੜਾਂਵਾਲੀ ਤੇ ਭੁੱਟੀਵਾਲਾ ਦੇ ਕਰੀਬ ਢਾਈ ਸੌ ਮਜ਼ਦੂਰ ਪਰਿਵਾਰਾਂ ਵੱਲੋਂ ਸਹਿਕਾਰੀ ਸਭਾਵਾਂ ਦੇ ਮੈਂਬਰ ਬਣ ਕੇ ਸਸਤੇ ਕਰਜ਼ੇ ਹਾਸਲ ਕਰਨ ਲਈ ਪੰਜ ਪੰਜ ਸੌ ਰੁਪਏ ਪ੍ਰਤੀ ਵਿਅਕਤੀ ਜਮ੍ਹਾਂ ਕਰਵਾਉਣ ਦੇ ਬਾਵਜੂਦ ਉਨ੍ਹਾਂ ਨੂੰ ਕਰਜ਼ੇ ਦੇਣਾ ਤਾਂ ਦੂਰ ਅਜੇ ਤੱਕ ਮੈਂਬਰਸ਼ਿਪ ਵੀ ਨਹੀਂ ਦਿੱਤੀ ਗਈ। ਉਨ੍ਹਾਂ ਆਖਿਆ ਕਿ ਗੁਲਾਬੀ ਸੁੰਡੀ ਕਾਰਨ ਨਰਮਾ ਖਰਾਬੇ ਦਾ ਵੀ ਬਹੁਤੇ ਮਜ਼ਦੂਰਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ। ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਖੁੰਡੇ ਹਲਾਲ, ਕਾਕਾ ਸਿੰਘ ਖੁੰਡੇ ਹਲਾਲ, ਬਾਜ ਸਿੰਘ ਭੁੱਟੀਵਾਲਾ ਤੇ ਕਾਲਾ ਸਿੰਘ ਖੂਨਣ ਖੁਰਦ ਨੇ ਕਿ ਦੋਸ਼ ਲਾਇਆ ਕਿ ਸਰਕਾਰ ਬਣਨ ਤੋਂ ਪਹਿਲਾਂ ਆਪ ਸੁਪਰੀਮੋ ਕੇਜਰੀਵਾਲ ਵੱਲੋਂ ਚਾਰ ਮਹੀਨਿਆਂ 'ਚ ਨਸ਼ਾ ਖਤਮ ਕਰਨ ਦੀ ਗਰੰਟੀ ਦੇ ਬਾਵਜੂਦ ਸੂਬੇ 'ਚ ਆਏ ਦਿਨ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਰਹੇ ਹਨ। ਬੁਢਾਪਾ ਪੈਨਸ਼ਨ ਲਈ ਜਨਮ ਤੇ ਸਕੂਲ ਛੱਡਣ ਦੇ ਸਰਟੀਫਿਕੇਟ ਲਿਆਉਣ ਦੀ ਸ਼ਰਤ ਲਾ ਕੇ ਆਪ ਸਰਕਾਰ ਬਜ਼ੁਰਗਾਂ ਨਾਲ ਧ੍ਰੋਹ ਕਮਾ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਵੀ ਸੌਂਪਿਆ।

# ਮੋਟਰਸਾਈਕਲ ਰੇਹੜੀ ਸੰਚਾਲਕਾਂ ਵੱਲੋਂ ਸੰਘਰਸ਼ ਦੀ ਚਿਤਵਾਨੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਾਨ ਸਰਕਾਰ ਮੋਟਰਸਾਈਕਲ ਰੇਹੜੀਆਂ ਨੂੰ ਘੱਟੋ ਘੱਟ ਭਾਰ ਢੋਹਣ ਲਈ ਮਾਨਤਾ ਦੇਵੇ। ਇਹ ਮੰਗ ਇਥੇ ਸਰਕਟ ਹਾਊਸ ਬਠਿੰਡਾ ਵਿਖੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਰਾਮਪੁਰਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਦੇ ਵੱਖ ਵੱਖ ਕਸਬਿਆਂ ਵਿੱਚੋਂ ਆਏ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਦੀ ਇਕ ਜਨਰਲ ਮੀਟਿੰਗ ਨੂੰ ਸੰਬੋਧਨ ਕਰਦੇ ਮਜ਼ਦੂਰ ਮੋਰਚਾ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਸੂਬਾ ਸਕੱਤਰ ਹਰਵਿੰਦਰ ਸਿੰਘ ਸੇਮਾ ਨੇ ਕੀਤਾ। ਇਸ ਮੌਕੇ ਡਾ. ਅੰਬੇਡਕਰ ਮੋਟਰਸਾਈਕਲ ਰੇਹੜੀ ਮਜ਼ਦੂਰ ਯੂਨੀਅਨ ਦਾ ਗਠਨ ਕੀਤਾ ਤੇ 27 ਮੈਂਬਰੀ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ। ਜੇਕਰ ਸਰਕਾਰ ਨੇ ਮੋਟਰਸਾਈਕਲ ਰੇਹੜੀਆਂ ਬੰਦ ਕਰਨ ਦੀ ਨੀਤੀ ਲਾਗੂ ਕੀਤੀ ਤਾਂ ਪੂਰੇ ਪੰਜਾਬ ਅੰਦਰ ਮੋਟਰਸਾਈਕਲ ਰੇਹੜੀ ਮਜ਼ਦੂਰ ਰੁਜ਼ਗਾਰ ਬਚਾਓ ਅੰਦੋਲਨ ਤੇਜ਼ ਕੀਤਾ ਜਾਵੇਗਾ। ਇਸ ਸਮੇਂ ਸੂਬਾ ਪ੍ਰਧਾਨ ਭਗਵੰਤ ਸਮਾਓਂ ਤੇ ਸੂਬਾ ਸਕੱਤਰ ਹਰਵਿੰਦਰ ਸੇਮਾ ਨੇ ਕਿਹਾ ਕਿ ਚੋਣਾਂ ਵਿੱਚ ਡਾ. ਅੰਬੇਡਕਰ ਤੇ ਭਗਤ ਸਿੰਘ ਦੀਆਂ ਫੋਟੋਆਂ ਦਿਖਾ ਕੇ ਵੋਟਾਂ ਮੰਗਣ ਵਾਲਾ ਮੁੱਖ ਮੰਤਰੀ ਮਾਨ ਅੱਜ ਕੁਰਸੀ ਉਪਰ ਬੈਠ ਸ਼ਹੀਦਾਂ ਦੀ ਵਿਚਾਰਧਾਰਾ ਦੇ ਉਲਟ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਮੁੱਖ ਮੰਤਰੀ ਮਾਨ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣਾ ਤਾਂ ਦੂਰ ਮਜ਼ਦੂਰਾਂ ਤੋਂ ਸਵੈ ਰੁਜ਼ਗਾਰ ਹੀ ਖੋਹਣਾ ਸ਼ੁਰੂ ਕਰ ਦਿੱਤਾ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਪਿਛਲੀਆਂ ਸਰਕਾਰਾਂ ਤੋਂ ਵੀ ਘਟੀਆ ਸਰਕਾਰ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਚੱਲ ਰਹੀਆਂ ਮੋਟਰਸਾਈਕਲ ਰੇਹੜੀਆਂ ਨੂੰ ਘੱਟੋ ਘੱਟ ਭਾਰ ਢੋਹਣ ਦੀ ਮਾਨਤਾ ਦਿਵਾਉਣ ਲਈ ਸੂਬੇ ਵਿੱਚ ਮਜ਼ਦੂਰ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਪ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ, ਮਨਪ੍ਰੀਤ ਸਿੰਘ ਗਾਟਵਾਲੀ ਨੂੰ ਸਕੱਤਰ, ਅਰਨ ਕੁਮਾਰ ਤਲਵੰਡੀ ਨੂੰ ਖਜ਼ਾਨਚੀ, ਰਾਮ ਸਿੰਘ ਭਗਤਾ ਭਾਈ ਕਾ ਨੂੰ ਸਹਾਇਕ ਸਕੱਤਰ, ਟੇਕ ਸਿੰਘ ਮੌੜ ਨੂੰ ਮੀਤ ਪ੍ਰਧਾਨ ਤੇ ਭੁਪਿੰਦਰ ਸਿੰਘ ਮਾਨਾ ਰਾਮਪੁਰਾ ਨੂੰ ਜ਼ਿਲ੍ਹਾ ਕਮੇਟੀ ਦਾ ਸਲਾਹਕਾਰ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਹੋਰਨਾਂ ਤੋਂ ਇਲਾਵਾ ਜਗਦੀਪ ਸਿੰਘ ਫੂਲ, ਰਾਜਾ ਸਿੰਘ, ਮਾਨੀ ਰਾਮ ਰਾਮਾ ਮੰਡੀ ਆਦਿ ਹਾਜ਼ਰ ਸਨ।

# 'ਤੀਆਂ ਬਠਿੰਡੇ ਦੀਆਂ' ਪ੍ਰੋਗਰਾਮ 'ਚ ਹਜ਼ਾਰਾਂ ਔਰਤਾਂ ਨੇ ਕੀਤੀ ਸ਼ਿਰਕਤ



**ਸੰਗਤ ਮੰਡੀ (ਰਾਜਦੀਪ ਜੋਸ਼ੀ)**

ਵੀਨੂੰ ਗੋਇਲ ਡਾਇਮੰਡ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਸਮਾਜ ਸੇਵੀ ਪ੍ਰਿੰ. ਵੀਨੂੰ ਗੋਇਲ ਭਾਜਪਾ ਆਗੂ ਦੀ ਅਗਵਾਈ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤੀਆਂ ਬਠਿੰਡੇ ਦੀਆਂ ਪ੍ਰੋਗਰਾਮ ਵਿੱਚ ਹਜ਼ਾਰਾਂ ਔਰਤਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ਾਨ ਫ਼ਿਲਮੀ ਅਦਾਕਾਰ ਹੌਬੀ ਧਾਲੀਵਾਲ ਨੇ ਵਿਸ਼ੇਸ਼ ਤੌਰ 'ਤੇ ਵੀਨੂੰ ਗੋਇਲ ਨੂੰ ਵਧਾਈ ਦਿੱਤੀ, ਜਿੱਥੇ ਹਰਿਆਲੀ ਤੀਜ ਤੇ ਗਿੱਧਾ, ਮਿਸ ਤੀਜ, ਮਿਸਜ ਤੀਜ, ਗੀਤ, ਟੱਪੇ, ਮਹਿੰਦੀ ਆਦਿ ਮੁਕਾਬਲੇ ਕਰਵਾਏ ਗਏ, ਉਥੇ ਸਭ ਦੇ ਪਹਿਰਾਵੇ ਵਿੱਚ ਹਰੇ ਰੰਗ ਨੇ ਪ੍ਰੋਗਰਾਮ ਵਿੱਚ ਚਾਰ ਚੰਦ ਲਾ ਦਿੱਤੇ। ਹਰਿਆਵਲ ਪੰਜਾਬ ਦਾ ਸੰਦੇਸ਼ ਦੇਣ ਲਈ ਲਗਭਗ ਹਜ਼ਾਰ ਰੁੱਖ ਵੀ ਔਰਤਾਂ ਨੂੰ ਵੰਡੇ ਗਏ। ਮਹਿਲਾ ਮੋਰਚਾ ਪ੍ਰਧਾਨ ਮੀਨੂੰ ਸੇਠੀ ਨੇ ਔਰਤਾਂ ਨੂੰ ਹਰਿਆਲੀ ਤੀਜ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਕੁੱਖ ਅਤੇ ਰੁੱਖ ਦੀ ਰੱਖਿਆ ਦਾ ਸੰਦੇਸ਼ ਦਿੱਤਾ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਕੈਬਨਿਟ ਮੰਤਰੀ ਤੇ ਪੰਜਾਬ ਭਾਜਪਾ ਜਨਰਲ ਸੈਕਟਰੀ ਗੁਰਪ੍ਰੀਤ ਕਾਂਗੜ ਵੱਲੋਂ ਭੈਣਾਂ ਨੂੰ ਸੰਧਾਰਾ ਦੇਣ ਦੀ ਰਸਮ ਅਦਾ ਕੀਤੀ ਗਈ। ਸੰਧਾਰੇ ਦੀ ਸੇਵਾ ਬਿਮਲ ਸੰਕੀਰਤਨ ਮੰਡਲ, ਪੌਦਿਆਂ ਦੀ ਸੇਵਾ ਐਮ.ਜੀ ਹਸਪਤਾਲ ਤੇ ਪਾਣੀ ਦੀ ਸੇਵਾ ਸ੍ਰੀਮਤੀ ਵੀਨਾ ਐਸਟਰੋ ਅਤੇ ਸ੍ਰੀ ਰਾਮ ਪ੍ਰਕਾਸ਼ ਜਿੰਦਲ ਵੱਲੋਂ ਕੀਤੀ ਗਈ। ਵੀਨੂੰ ਗੋਇਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਵਿਸ਼ੇਸ਼ ਸਫ਼ਲਤਾ ਦੇਣ ਵਿੱਚ ਹਿੰਦੁਸਤਾਨ ਪੈਟ੍ਰੋਲੀਅਮ ਬਠਿੰਡਾ ਹੈਡ ਆਫ਼ਿਸ, ਸ੍ਰੀ ਸ਼ਸ਼ੀ ਕਾਂਤ ਗੋਇਲ ਸਪੋਰਟਕਿੰਗ ਤੋਂ ਰਜਿੰਦਰਪਾਲ ਦਾ ਵਿਸ਼ੇਸ਼ ਸਹਿਯੋਗ ਰਿਹਾ। ਪ੍ਰੋਗਰਾਮ 'ਚ ਗਾਇਕਾ ਸੁੱਖੀ ਬਰਾੜ ਨੇ ਸ਼ਿਰਕਤ ਕੀਤੀ ਤੇ ਪੰਜਾਬੀ ਵਿਰਸੇ ਬਾਰੇ ਜਾਣੂ ਕਰਾਇਆ। ਇਸ ਮੌਕੇ ਪੰਜਾਬੀ ਫ਼ਿਲਮੀ ਅਦਾਕਾਰ ਪਰਮਿੰਦਰ ਗਿੱਲ ਵੀ ਪਹੁੰਚੇ ਤੇ ਵਾਇਸ ਆਫ਼ ਪੰਜਾਬ ਜੂਨੀਅਰ ਵਿਜੇਤਾ ਸ਼ਾਨ ਦਿਲਰਾਜ ਨੇ ਵੀ ਖ਼ੂਬ ਤਾੜੀਆਂ ਬਟੋਰੀਆਂ। ਜੱਜਮੈਂਟ ਦੀ ਭੂਮਿਕਾ ਪਰਮਿੰਦਰ ਕੌਰ, ਪ੍ਰੇਰਣਾ ਕਾਲੀਆ, ਤੇਜ ਕੋਰ, ਟੀਨਾ ਖੁਰਮੀ, ਹਰਜੀਤ ਕੌਰ ਨੇ ਨਿਭਾਈ। ਸਨਮਾਨ ਦੇ ਮਹਿਮਾਨ ਡਾਕਟਰ ਭੁਪਿੰਦਰ ਬਾਂਸਲ, ਰਾਜਿੰਦਰ ਕੌਰ ਗਾਬਾ, ਗੇਟ ਪ੍ਰਕਾਸ਼, ਮੁਕੁਲ ਕੁਮਾਰ, ਜੂਲੀ ਮੈਡਮ, ਤਰਸੇਮ ਕੁਮਾਰ, ਵਿਨੋਦ ਗੋਇਲ, ਨੀਲਮ ਰਾਣੀ ਹਾਜ਼ਰ ਹੋਏ। ਵੀਨੂੰ ਗੋਇਲ ਦੁਆਰਾ ਮੁੱਖ ਮਹਿਮਾਨਾਂ ਨੂੰ ਫੁਲਕਾਰੀ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪ੍ਰੋਗਰਾਮ ਦੇ ਡਾਈਰੈਕਟਰ ਐਮ ਕੇ ਮੰਨਾ ਨੇ ਸਭ ਦਾ ਧੰਨਵਾਦ ਕੀਤਾ।

# ਜਲ ਸਪਲਾਈ ਵਿਭਾਗ ਦੇ ਮੁਲਾਜ਼ਮਾਂ ਦੇ ਪੱਕੇ ਰੁਜ਼ਗਾਰ ਲਈ ਸੰਘਰਸ਼ ਦਾ ਐਲਾਨ



ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਆਗੂ ਜਾਣਕਾਰੀ ਦਿੰਦੇ ਹੋਏ।

**ਜਲਾਲਾਬਾਦ/ਫਿਰੋਜ਼ਪੁਰ (ਜੀਤ ਕੁਮਾਰ/ਅਸ਼ੋਕ ਸ਼ਰਮਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਦੀ ਮੰਗ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਵੱਲੋਂ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਦੇ ਖਿਲਾਫ਼ ਸੰਘਰਸ਼ਾਂ ਦਾ ਐਲਾਨ ਕੀਤਾ ਗਿਆ ਹੈ। ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਦੱਸਿਆ ਕਿ 20 ਅਗਸਤ ਨੂੰ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਲੁਧਿਆਣਾ ਈਸੜੂ ਭਵਨ ਵਿਖੇ ਕੀਤੀ ਗਈ ਹੈ, ਜਿਸ 'ਚ ਵਿਚਾਰ ਚਰਚਾ ਕਰਨ ਉਪਰੰਤ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ-ਕਮ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਸੰਗਰੂਰ ਵਿਖੇ ਪਰਵਾਰਾਂ ਅਤੇ ਬੱਚਿਆ ਸਮੇਤ ਸੂਬਾ ਪੱਧਰੀ ਧਰਨਾ ਦੇਣ ਕੀਤਾ ਗਿਆ ਹੈ, ਜਿਸ ਦੀ ਤਿਆਰੀ ਲਈ ਸੂਬੇ ਭਰ ਵਿੱਚ 21 ਅਗਸਤ ਤੋਂ 26 ਅਗਸਤ ਤੱਕ ਬ੍ਰਾਂਚ ਪੱਧਰੀ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸਦੇ ਬਾਅਦ 4 ਸਤੰਬਰ ਦੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ 28 ਅਗਸਤ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਪਰਵਾਰਾਂ ਅਤੇ ਬੱਚਿਆਂ ਸਮੇਤ ਕੈਬਨਿਟ ਮੰਤਰੀਆਂ ਤੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਰੋਹ ਭਰਪੂਰ ਮਾਰਚ ਪ੍ਰਦਰਸ਼ਨ ਕੀਤੇ ਜਾਣਗੇ।

ਇਸ ਦੌਰਾਨ ਮੰਗ ਕੀਤੀ ਜਾਵੇਗੀ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਤਜਰਬੇ ਨੂੰ ਮੁੱਖ ਰੱਖ ਕੇ ਵਿਭਾਗ 'ਚ ਸ਼ਾਮਲ ਪੱਕਾ ਰੁਜਗਾਰ ਕੀਤਾ ਜਾਵੇ। ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣ ਲਈ ਜਾਰੀ ਕੀਤੇ ਗਏ ਪੱਤਰ ਨੂੰ ਰੱਦ ਕੀਤਾ ਜਾਵੇ, ਮਲੇਰਕੋਟਲਾ 'ਚ ਕੰਮ ਕਰਦੇ ਜਸਸ ਵਿਭਾਗ ਦੇ ਇਨਲਿਸਟਮੈਂਟ ਵਰਕਰਾਂ ਦੀ ਤਨਖਾਹ 'ਚ ਵਾਧਾ ਕੀਤਾ ਜਾਵੇ। ਮੀਟਿੰਗ 'ਚ ਮਤਾ ਪਾਸ ਕੀਤਾ ਗਿਆ ਕਿ 6 ਸਤੰਬਰ ਨੂੰ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਪੰਜਾਬ ਵੱਲੋਂ ਕੀਤੇ ਜਾ ਰਹੇ ਨਸ਼ਾ ਵਿਰੋਧੀ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਹਰ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

# ਕੰਪਿਊਟਰ ਅਧਿਆਪਕਾਂ 'ਤੇ ਲਾਠੀਚਾਰਜ ਦੀ ਡੀ ਟੀ ਐੱਫ ਵੱਲੋਂ ਨਿੰਦਾ



